# ਸਮਤਾ

ਮਾਰਚ 1986 (ਅੰਕ 70)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਮਾਰਚ 1986

ਮੁੱਲ—ਦੋ ਰੁਪਏ

70

## ਸੰਪਾਦਕੀ : ਜਮਹੂਰੀ ਤਰਜ਼ੇ ਜ਼ਿੰਦਗੀ ਨੂੰ ਇੱਕ ਚੁਣੌਤੀ :

ਜੋ ਮਸਲਾ ਸਿਰਫ ਪੰਜਾਬ ਦਾ ਮਸਲਾ ਆਖਿਆ ਜਾ ਰਿਹਾ ਹੈ, ਉਹ ਅਸਲ ਵਿਚ ਸਾਰੇ ਭਾਰਤ ਦਾ ਮਸਲਾ ਹੈ। ਜੇ ਸਿੱਖ ਮੂਲਵਾਦੀ (Fundamentalists) ਪੰਜਾਬ ਲਈ ਸਿਰਦਰਦੀ ਬਣ ਗਏ ਹਨ ਤਾਂ ਇਹ ਗੱਲ ਸਾਰੇ ਦੇਸ਼ ਦੇ ਪ੍ਰਸੰਗ ਵਿਚ ਹਿੰਦੂ ਅਤੇ ਮੁਸਲਮਾਨ ਮੂਲਵਾਦੀਆਂ ਉੱਤੇ ਵੀ ਲਾਗੂ ਹੁੰਦੀ ਹੈ, ਜੇ ਹਿੰਦੂ ਸਿੱਖ ਫਸਾਦਾਂ ਦਾ ਨਕੋਦਰ, ਬਟਾਲਾ ਆਦਿਕ ਵਿਚ ਖਤਰਾ ਹੈ ਤਾ ਹਿੰਦੂ ਮੁਸਲਮਾਨ ਫਸਾਦ ਯੂ. ਪੀ. ਮੱਧਿਆ ਪ੍ਰਦੇਸ਼, ਮਹਾਰਾਸ਼ਟਰ ਅਤੇ ਜੰਮੂ ਸ੍ਰੀਨਗਰ ਵਿਚ ਵੀ ਹੋ ਰਹੇ ਹਨ। ਧਾਰਮਕ ਜਨੂੰਨ ਸਿਰਫ ਸਿਖਾਂ ਦੀ ਅਜਾਰੇਦਾਰੀ ਨਹੀਂ, ਹਿੰਦੂ ਅਤੇ ਮੁਸਲਮਾਨ ਵੀ ਉਹਦੇ ਬਰਾਬਰ ਦੇ ਭਾਗੀ ਹਨ। ਫਰਕ ਸਿਰਫ ਏਨਾਂ ਹੈ ਕਿ ਬਹੁਗਿਣਤੀ ਦਾ ਧਾਰਮਕ ਜਨੂੰਨ 'ਰਾਸ਼ਟਰਵਾਦ' ਦਾ ਨਾਂ ਧਾਰ ਲੈਂਦਾ ਹੈ ਜਦੋਂ ਕਿ ਘੱਟ ਗਿਣਤੀ ਵਾਲਿਆਂ ਦਾ ਧਾਰਮਕ ਜਨੂੰਨ ਫਿਰਕਾਪ੍ਰਸਤੀ ਅਤੇ 'ਰਾਸ਼ਟਰ ਵਿਰੋਧੀ' ਦੇ ਨਾਵਾਂ ਨਾਲ ਗਰਦਾਨਿਆਂ ਜਾਂਦਾ ਹੈ। ਜਮਹੂਰੀ ਸੋਚ ਵਾਲਿਆਂ ਲਈ ਹਰ ਇਕ ਫਿਰਕੇ ਦਾ ਧਾਰਮਕ ਜਨੂੰਨ, ਜਮਹੂਰੀ ਤਰਜ਼ੇ ਜ਼ਿੰਦਗੀ ਲਈ ਇਕ ਚੁਣੌਤੀ ਹਨ। ਹਥਿਆਰ ਭਾਵੇਂ ਕਿਸੇ ਗੁਰਦੁਆਰੇ ਵਿਚ ਇਕੱਠੇ ਕੀਤੇ ਜਾਣ, ਭਾਵੇਂ ਮੰਦਰ ਵਿਚ ਇਕੱਠੇ ਕੀਤੇ ਜਾਣ ਅਤੇ ਭਾਵੇਂ ਮਸੀਤ ਵਿਚ ਇਕੱਠੇ ਕੀਤੇ ਜਾਣ, ਇਕੋ ਜਿਹਾ ਖਤਰਾ ਰੱਖਦੇ ਹਨ। ਫ਼ਸਾਦ ਭਾਵੇਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸੜਣ ਕਰਕੇ ਹੋਣ, ਭਾਵੇਂ ਭਗਵਾਨ ਰਾਮਚੰਦਰ ਦੀਆਂ ਖੜਾਵਾਂ ਕਰਕੇ ਜਾਂ ਸੀਮਤ ਅੱਗੇ ਸੂਰ ਮਾਰਨ ਕਰਕੇ ਹੋਣ, ਸਾਧਾਰਨ ਲੋਕਾਂ ਦੀ ਜ਼ਿੰਦਗੀ ਨੂੰ ਛਿੱਕੇ ਤੇ ਟੰਗ ਦੇਂਦੇ ਹਨ। ਇਸ ਪ੍ਰਸੰਗਤਾ ਵਿਚ ਜੇਕਰ ਸਾਰੇ ਮਾਮਲੇ ਨੂੰ ਲਈਏ ਤਾਂ ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਭਾਰਤ ਸਮੁੱਚਾ ਨਿਜ਼ਾਮ ਜਿਹੜਾ ਕਥਿਤ ਧਰਮ ਨਿਰਪੇਖਤਾ ਦੇ ਵਿਧਾਨ ਨੂੰ ਬੁਨਿਯਾਦ ਬਣਾਕੇ ਚਲਦਾ ਹੈ, ਉਹ ਪੂਰੀ ਤਰ੍ਹਾਂ ਫੇਲ ਹੋ ਗਿਆ ਹੈ। ਫ਼ਿਰਕੂ ਨਫਰਤ ਜੋ 1947 ਵਿਚ ਭਾਰਤ ਦੀ ਸਮਾਜਕ ਜ਼ਿੰਦਗੀ ਦਾ ਪ੍ਰਧਾਨ ਅੰਸ਼ ਸੀ, ਉਹ ਹੁਣ 1986 ਵਿਚ ਵੀ ਹੈ। ਵਿਧਾਨ ਵਿਚ ਬੁਨਿਯਾਦੀ ਤਬਦੀਲੀ ਹੁਣ ਏਜੰਡਾ ਤੇ ਆ ਗਈ ਹੈ। ਮੁੱਖ ਮੰਗ ਹੁਣ **'ਧਰਮ ਨਿਰਪੇਖਤਾ' ਵਾਲੇ ਵਿਧਾਨ ਦੀ ਨਹੀਂ ਸਗੋਂ 'ਧਰਮ ਮੁਕਤ' ਵਿਧਾਨ ਦੀ ਹੋਣੀ ਚਾਹੀਦੀ ਹੈ।** ਧਰਮ ਨੂੰ ਸਮਾਜਕ ਖੇਤਰ ਵਿਚ ਕੱਢਕੇ ਸਿਰਫ ਨਿੱਜੀ ਖੇਤਰ ਤਕ ਸੀਮਤ ਰੱਖਣ ਤਕ ਦੀ ਮੰਗ ਹੋਣੀ ਚਾਹੀਦੀ ਹੈ ਤੇ ਕਿਸੇ ਕਿਸਮ ਦੇ ਧਾਰਮਕ ਵਰਤਾਰੇ ਵਿਚ ਨਾ ਹੀ ਸਰਕਾਰੀ ਦਖ਼ਲ ਹੋਣਾ ਚਾਹੀਦਾ ਹੈ ਤੇ ਨਾ ਹੀ ਇਕ ਪਾਈ ਸਰਕਾਰੀ ਖਜ਼ਾਨੇ ਵਿਚੋਂ ਇਹਦੇ ਉਤੇ ਲੱਗਣੀ ਚਾਹੀਦੀ ਹੈ, ਜੇ ਆਰਥਕ ਮੰਗਾਂ ਨੂੰ ਲੈ ਕੇ ਕੱਢੇ ਗਏ ਜਲੂਸਾਂ ਤੇ ਪਾਬੰਦੀ ਲਗ ਸਕਦੀ ਹੈ ਤਾਂ ਨੰਗੀਆਂ ਕਿਰਪਾਨਾਂ ਤੇ ਤ੍ਰਿਸ਼ੂਲ ਲੈਕੇ ਜਲੂਸਾਂ ਉਤੇ ਵੀ ਪਾਬੰਧੀ ਲਗਣੀ ਜ਼ਰੂਰੀ ਹੈ ਕਿਸੇ ਧਾਰਮਿਕ ਗੁਰੂ ਦੀ ਤਸਵੀਰ ਜਾਂ ਮੂਰਤੀ ਨੂੰ ਹਾਰ ਪਾਕੇ, ਢੋਲਕੀਆਂ ਛੈਣੇ ਵਜਾਉਂਦੇ ਹੋਏ ਘੰਟਿਆਂ ਬੱਧੀ ਸਾਰੇ ਟਰੈਫਿਕ ਨੂੰ ਜਾਮ ਕਰਨਾ ਤੇ ਲੋਕਾਂ ਨੂੰ ਖਾਹੰਮਖਾਹ ਖਿਚਾਅ ਵਿਚ ਲਿਆਉਣਾਂ ਕਿਸੇ ਵੀ ਧਾਰਮਕ ਫਿਰਕੇ ਦਾ ਹੱਕ ਨਹੀਂ ਹੋਣਾ ਚਾਹੀਦਾ।

**ਇਸ ਅੰਕ ਵਿਚ :** ਸੰਪਾਦਕੀ ਤੇ ਸੰਪਾਦਕੀ ਟਿੱਪਣੀਆਂ

ਪਲਸ ਮੰਚ ਦਾ ਦੂਸਰਾ ਸਾਲਾਨਾ ਸਭਿਆਚਾਰਕ ਸਮਾਗਮ—ਇਕ ਰੀਪੋਰਟ

ਕਹਾਣੀ : ਬੁਖ਼ਾਰੀ/ਨਰਿੰਦਰ ਨਿਰਮੋਹੀ : ਅਨੁ: ਤਰਸੇਮ ਰਾਣਾ

ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਸੁਵਾਲ/ਕਰਮ ਬਰਸਟ

ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ—ਇਕ ਜਾਇਜ਼ਾ/ਗੁਰਬਖ਼ਸ਼ ਜੱਸ

ਸਿਨੇਮਾ ਅਤੇ ਸਭਿਆਚਾਰ ਦੀ ਲਹਿਰ/ਅਮਰ ਆਫ਼ਤਾਬ

੦ ਭਾਰਤ ਦੀ ਹਿੰਦੂ ਰਾਏਆਮਾ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਇਹ ਦੇਸ਼ ਬਹੁ ਕੌਮੀ ਤੇ ਬਹੁਧਰਮੀ ਲੋਕਾਂ ਦਾ ਇਕ ਮਿਲਵਾਂ ਦੇਸ਼ ਹੈ। ਇਸ ਲਈ ਅਨੇਕਤਾ ਵਿਚ ਏਕਤਾ ਤਾਂ ਹੀ ਹੋ ਸਕਦੀ ਹੈ, ਜੇਕਰ ਅਨੇਕਤਾ ਨੂੰ ਸਵੀਕਾਰ ਕੀਤਾ ਜਾਏ। ਸ਼ਾਹਬਾਨੋ ਦੇ ਕੇਸ ਵਿਚ ਤਿੰਨ ਕਿਸਮ ਦੇ ਪ੍ਰਤੀਕਰਮ ਹੋਏ ਹਨ। ਇਕ ਪ੍ਰਤੀਕਰਮ ਹਿੰਦੂ ਮੂਲਵਾਦੀਆਂ ਵਲੋਂ ਆਇਆ, ਇਹ ਕਿਹਾ ਗਿਆ ਕਿ ਭਾਰਤ ਦੇ ਸਾਰੇ ਲੋਕਾਂ ਲਈ ਇਕੋ ਕਾਨੂੰਨ **( ਭਾਵ ਕਿ 'ਹਿੰਦੂ ਕਾਨੂੰਨ' )** ਹੋਣਾ ਚਾਹੀਦਾ ਹੈ ? ਉਹਨਾਂ ਵਲੋਂ ਸੱਪਸ਼ਟ ਕਿਹਾ ਗਿਆ ਕਿ ਭਾਰਤ ਵਿਚ ਜਿਹੜੇ ਲੋਕ ਆਪਣੇ ਆਪ ਨੂੰ 'ਭਾਰਤੀ' (ਗੁੱਝੇ ਸ਼ਬਦਾਂ ਵਿਚ 'ਹਿੰਦੂ') ਨਹੀਂ ਰਹਿੰਦੇ ਉਹਨਾਂ ਦਾ ਭਾਰਤ ਵਿਚ ਰਹਿਣ ਦਾ ਕੋਈ ਹੱਕ ਨਹੀਂ। ਦੂਜਾ ਪ੍ਰਤੀਕਰਮ ਮੁਸਲਮਾਨ ਮੂਲਵਾਦੀਆਂ ਵਲੋਂ ਆਇਆ। ਉਹਨਾਂ ਦਾ ਕਹਿਣਾ ਸੀ ਕਿ ਸ਼ਰੀਅਤ ਵਿਚ ਜੋ ਇਕ ਵਾਰੀ ਲਿਖਿਆ ਗਿਆ ਹੈ, ਉਹ ਬਦਲ ਨਹੀਂ ਸਕਦਾ ਅਤੇ ਸ਼ਰੀਅਤ ਦੀ ਵਿਆਖਿਆ ਕਰਨ ਦਾ ਹੱਕ ਸਿਰਫ ਮੁਲਾਣਿਆਂ ਕੋਲ ਹੀ ਹੈ। ਇਹ ਗੱਲ ਭਾਰਤ ਸਰਕਾਰ ਦੇ ਇਕ ਮੁਸਲਮਾਨ ਕੇਂਦਰੀ ਮੰਤਰੀ ਨੇ ਕਹੀ। ਉਹਨੇ ਸੁਪਰੀਮ ਕੋਰਟ ਦੇ ਜੱਜਾਂ ਦਾ ਮਜ਼ਾਕ ਉਡਾਂਦਿਆਂ ਕਿਹਾ, 'ਕਿਸੇ ਨਿਗੂਣੇ ਜੱਜ ਦਾ ਕੀ ਹੱਕ ਹੈ ਕਿ ਉਹ ਅਲ੍ਹਾ ਦੇ ਬਣਾਏ ਹੋਏ ਕਾਨੂੰਨ ਨੂੰ ਬਦਲੇ। ਇਹ ਮੂਲਵਾਦੀ ਲੋਕ ਉਹ ਹਨ ਜੋ ਹਰ ਪੜਾਅ ਤੇ ਇਤਹਾਸ ਦਾ ਪਹੀਆ ਜਾਮ ਕਰਨਾ ਚਾਹੁਣਗੇ। ਤੀਜਾ ਪ੍ਰਤੀਕਰਮ ਜਮਹੂਰੀ ਲੋਕਾਂ ਵਲੋਂ ਆਇਆ ਜਿਨ੍ਹਾਂ ਨੇ ਸਹੀ ਤੌਰ ਤੇ ਇਸ ਮਸਲੇ ਨੂੰ ਔਰਤਾਂ ਦੇ ਬੁਨਿਆਦੀ ਹੱਕ ਦੇ ਪ੍ਰਸੰਗ ਵਿਚ ਲਿਆ। ਇਸੇ ਤਰ੍ਹਾਂ ਪੋਪ ਦੀ ਭਾਰਤ ਫੇਰੀ ਵੱਲ (ਅਸੀਂ ਕੋਈ ਉਸਨੂੰ ਜੀ ਆਇਆਂ ਆਖਣ ਵਲਿਆਂ ਵਿਚੋਂ ਨਹੀਂ) ਹਿੰਦੂ ਮੂਲਵਾਦੀਆਂ ਨੇ ਜਿਸ ਤਰੀਕੇ ਨਾਲ ਆਪਣੀ ਤਕਲੀਫ ਦਾ ਵਿਖਾਵਾ ਕੀਤਾ ਹੈ, ਉਹ ਵੀ ਇਹਨਾਂ ਦੀ ਬੀਮਾਰ ਸੋਚਣੀ ਦਾ ਪ੍ਰਤਖ ਸਬੂਤ ਹੈ।

੦ ਜੋ ਗੱਲ ਹਿੰਦੂ ਮੂਲਵਾਦੀਆਂ ਉਤੇ ਸਮੁੱਚੇ ਭਾਰਤ ਦੇ ਪ੍ਰਸੰਗ ਵਿਚ ਲਾਗੂ ਹੁੰਦੀ ਹੈ, ਉਹੀ ਸਿੱਖ ਮੂਲਵਾਦੀਆਂ ਉਤੇ ਪੰਜਾਬ ਦੇ ਪ੍ਰਸੰਗ ਵਿਚ ਲਾਗੂ ਹੁੰਦੀ ਹੈ। ਉਹ ਭੁੱਲ ਜਾਂਦੇ ਹਨ ਕਿ ਪੰਜਾਬ ਇਕੱਲੇ ਸਿੱਖਾਂ ਦਾ ਨਹੀਂ, ਇਥੇ ਹੋਰ ਲੋਕ ਵੀ ਰਹਿੰਦੇ ਹਨ। ਹਿੰਦੂਆਂ ਨੇ ਜੇਕਰ ਪੰਜਾਬੀ ਬੋਲੀ ਨੂੰ 'ਮਾਂ ਬੋਲੀ' ਮੰਨਣ ਤੋਂ ਇਨਕਾਰ ਕਰਕੇ ਜੇਕਰ ਪੰਜਾਬੀ ਬੋਲੀ ਦੀ ਦੁਰਸੇਵਾ ਕੀਤੀ ਹੈ ਤਾਂ ਸਿੱਖਾਂ ਵਲੋਂ ਵੀ 'ਪੰਜਾਬੀ' ਨੂੰ 'ਸਿੱਖੀ' ਨਾਲ ਰੱਲਗੱਡ ਕਰਕੇ ਪੰਜਾਬੀ ਸੂਬੇ ਦੀਆਂ ਹੱਦਾਂ ਬਨਾਉਣ ਵੇਲੇ ਜੋ ਪੰਜਾਬੀ ਬੋਲੀ ਨਾਲ ਦੁਰਵਿਹਾਰ ਕੀਤਾ ਹੈ, ਉਹ ਵੀ ਕਦੀ ਨਹੀਂ ਭੁਲਾਇਆ ਜਾ ਸਕਦਾ। ਪੰਜਾਬ ਕਦੀ ਵੀ 'ਖਾਲਿਸਤਾਨ' ਵਿਚ ਤਬਦੀਲ ਨਹੀਂ ਹੋ ਸਕਦਾ।' ਇਸ ਰਾਜਸੀ ਯਥਾਰਥ ਨੂੰ ਜਿਨੀ ਜਲਦੀ ਸਿੱਖ ਅਵਾਮ ਸਮਝ ਲੈਣ ਉਨਾਂ ਹੀ ਚੰਗਾ ਹੈ।

੦ ਭਾਰਤ ਤੇ ਇਸ ਤਰ੍ਹਾਂ ਪੰਜਾਬ ਵਿਚ ਹਾਲੇ ਇਨਕਲਾਬ ਏਜੈਂਡਾ ਤੇ ਨਹੀਂ ਹੈ। ਜਮਹੂਰੀ ਤਰਜ਼ੇ ਜ਼ਿੰਦਗੀ ਨੂੰ ਬਚਾਉਣਾ ਏਜੈਂਡਾ ਉਤੇ ਆ ਗਿਆ ਹੈ। ਇਹਦੇ ਲਈ ਖਾੜਕੂ ਅਤੇ ਸਮਝਾਊ ਪੱਧਰ ਦੋਨੋਂ ਪੱਧਰਾਂ ਤੇ ਸੰਘਰਸ਼ ਹੋਣਾ ਚਾਹੀਦਾ ਹੈ। ਕੇਸਰੀ ਰੰਗ ਪੰਜਾਬ ਵਿਚ ਭਾਵੇਂ ਇਸ ਵੇਲੇ ਧਾਰਮਕ ਮੂਲਵਾਦੀਆਂ ਦਾ ਪ੍ਰਤੀਕ ਬਣ ਗਿਆ ਹੈ ਪਰ ਇਸੇ ਰੰਗ ਨਾਲ 'ਸ਼ਹਾਦਤ' ਅਤੇ 'ਬਸੰਤ' ਵਰਗੀਆਂ ਜ਼ਿੰਦਗੀ ਦੀਆਂ ਕੀਮਤਾਂ ਵੀ ਜੁੜੀਆਂ ਹੋਈਆਂ ਹਨ। ਇਹ ਨੌਜਵਾਨ ਆਪਣੇ ਨੌਜਵਾਨ ਹਨ, ਇਹਨਾਂ ਨੂੰ ਭਿਆਨਕ ਸੋਚਣੀ ਤੋਂ ਬਚਾ ਕੇ ਜ਼ਿੰਦਗੀ ਦੀ ਬੰਸਤ ਵਲ ਲਿਆਉਣਾ ਜਮਹੂਰੀ ਲਹਿਰ ਦਾ ਵੱਡਾ ਫਰਜ਼ ਹੈ।

**ਜਮਹੂਰੀ ਸੋਚ ਦੇ ਲੋਕਾਂ ਨੂੰ ਮਿਲਕੇ ਬੜੇ ਹੌਸਲੇ ਨਾਲ ਤੇ ਵਿਸ਼ਵਾਸ ਨਾਲ ਜ਼ਿੰਦਗੀ ਦੀਆਂ ਮੂਲ ਕੀਮਤਾਂ ਵਾਸਤੇ ਆਵਾਜ਼ ਚੁਕਣੀ ਚਾਹੀਦੀ ਹੈ। ਇਹ ਇਕ ਚੁਣੌਤੀ ਹੈ ਜੋ ਕਿ ਇਤਹਾਸਕ ਚੁਣੌਤੀ ਦਾ ਰੂਪ ਧਾਰ ਕੇ ਸਾਡੇ ਸਾਹਮਣੇ ਆ ਗਈ ਹੈ। ਆਓ ਇਸ ਚਣੌਤੀ ਨੂੰ ਸਵੀਕਾਰ ਕਰੀਏ। —ਗੁਰਸ਼ਰਨ ਸਿੰਘ**

---


**ਤਰੱਕੀਪਸੰਦ ਫ਼ਿਲਮ ਨਿਰਮਾਤਾ ਸੋਸਾਇਟੀ ਪੰਜਾਬ (Progressive Film Makers of Punjab)**

ਦੀ ਪਹਿਲੀ ਫ਼ਿਲਮ

ਹਾਣੀ

**(The Crusaders)**

ਨਿਰਮਾਤਾ : **ਗੁਰਸ਼ਰਨ ਸਿੰਘ** ਨਿਰਦੇਸ਼ਕ, ਸੰਵਾਦ ਤੇ ਪਟਕਥਾ—**ਸਾਗਰ ਸਰਹੱਦੀ**

ਪੰਜਾਬ ਦੇ ਇਕ ਪਿੰਡ ਦੀ ਪਿਠ ਭੂਮੀ ਤੇ ਉਸਾਰੀ ਉਹਨਾਂ ਲੋਕਾਂ ਦੀ ਕਹਾਣੀ ਜੋ ਸਾਂਝੇ ਸੰਘਰਸ਼ਾਂ ਰਾਹੀਂ ਅਪਣੀ ਤਕਦੀਰ ਬਦਲਣ ਦਾ ਉਪਰਾਲਾ ਕਰਦੇ ਹਨ।

ਇਸ ਫ਼ਿਲਮ ਦੀ ਮੁੱਢਲੀ ਪਲੈਨਿੰਗ ਹੋ ਚੁੱਕੀ ਹੈ। 15 ਅਕਤੂਬਰ ਤੋਂ ਇਹ ਸੈੱਟ ਤੇ ਜਾ ਰਹੀ ਹੈ।

## ੦ ਆਤੰਕਵਾਦੀ ਕੌਣ ਹਨ ? ਪੰਜਾਬ ਦੇ ਮੱਸਲੇ ਬਾਰੇ ਇਕ ਵਿਚਾਰ

ਅੰਗਰੇਜ਼ੀ ਦੇ ਤਿੰਨ ਸ਼ਬਦ ਹਨ : Terrorist (ਅੱਤੰਕਵਾਦੀ, ਉਗਰਵਾਦੀ) Extremist (ਅਤਿਵਾਦੀ) ਤੇ Militants (ਖਾੜਕੂ)। ਕਿਸੇ ਸਿਆਸੀ ਘੋਲ ਦੇ ਕੀ ਨਿਸ਼ਾਨੇ ਹਨ ਜਾਂ ਉਸ ਘੋਲ ਨੂੰ ਲੜਣ ਵਾਲਿਆਂ ਵਿਚ ਕਿਹੜਾ ਅੰਸ਼ ਭਾਰੂ ਹੈ ਇਹ ਜਾਨਣਾ ਕਿਸੇ ਘੋਲ ਦਾ ਮੁਲਅੰਕਣ ਕਰਨ ਲਈ ਜ਼ਰੂਰੀ ਹੈ। ਪੰਜਾਬ ਵਿਚ ਇਸ ਵੇਲੇ ਤਿੰਨੋ ਕਿਸਮਾਂ ਦੀਆਂ ਕਾਰਵਾਈਆਂ ਹੋ ਰਹੀਆਂ ਹਨ ? ਕੀ ਇਹ ਇਕੋ ਕਮਾਂਡ ਥੱਲੇ ਹੋ ਰਿਹਾ ਹੈ ? ਜੇ ਨਹੀਂ ਤਾਂ ਫਰਕ ਕਿਥੇ ਹੈ ? ਜਾਂ ਇਹਨਾਂ ਦਾ ਆਪਸ ਵਿਚ ਕੀ ਸੰਬੰਧ ਹੈ ? ਇਹ ਜਾਨਣਾ ਜ਼ਰੂਰੀ ਹੈ। ਪੰਜਾਬ ਵਿਚ ਇਹਨਾਂ ਤਿੰਨਾਂ ਨੂੰ ਇਕੋ ਨਾ ਦਿਤਾ ਜਾ ਰਿਹਾ ਹੈ, ਇਹ ਠੀਕ ਗੱਲ ਨਹੀਂ ਲਗਦੀ।

ਦਮਦਮੀ ਟਕਸਾਲ ਵਾਲੇ ਲੋਕ ਧਾਰਮਕ ਪੱਖ ਤੋਂ ਅਤਿਵਾਦੀ ਕਹੇ ਜਾ ਸਕਦੇ ਹਨ, ਭਿੰਡਰਾਂਵਾਲਾ ਦੇ ਇਹ ਪੈਰੋਕਾਰ ਇਸ ਵਿਚਾਰ ਵਲੋਂ ਜਨੂੰਨ ਦੀ ਹੱਦ ਤਕ ਚਲੇ ਗਏ ਹਨ ਕਿ ਉਹੀ ਸਿਖ ਧਰਮ ਦੇ ਰਖਵਾਲੇ ਹਨ। ਉਹਨਾਂ ਦੀ ਸੋਚ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇ ਬਾਅਦ ਜਿਸ ਤਰ੍ਹਾਂ, ਜਿੰਦਗੀ ਦੀ ਚਾਲ ਰੁਕ ਗਈ ਹੈ। ਉਹਨਾਂ ਦਾ ਵੱਸ ਚਲੇ ਉਹ ਇਤਹਾਸ ਨੂੰ ਪੁੱਠਾ ਗੇੜ ਦੇਣਾ ਚਾਹੁਣਗੇ। ਉਹਨਾਂ ਦੀ ਸਿਆਸਤ ਵਿਚ ਦਖ਼ਲ-ਅੰਦਾਜ਼ੀ ਬੜੀ ਹਾਨੀਕਾਰਕ ਹੈ। ਉਹਨਾਂ ਦੀ ਦ੍ਰਿਸ਼ਟੀ ਬਹੁਤ ਹੀ ਸੀਮਤ ਹੈ। ਉਹਨਾਂ ਦੀ ਸਿਆਸਤ ਵਿਚ ਦਖ਼ਲ-ਅੰਦਾਜ਼ੀ ਹਰ ਹਾਲਤ ਵਿਚ ਰੋਕਣੀ ਚਾਹੀਦੀ ਹੈ। ਅੱਜ ਕਲ ਉਹ ਕਾਰ ਸੇਵਾ ਵਿਚ ਰੁੱਝੇ ਹੋਏ ਹਨ। ਉਹਨਾਂ ਨੂੰ ਉਥੇ ਰੁਝਾਈ ਰਖਣਾ ਚਾਹੀਦਾ ਹੈ। ਇਸ ਮਾਮਲੇ ਵਿਚ ਉਹਨਾਂ ਨਾਲ ਕੋਈ ਸਮਝੌਤਾ ਵੀ ਹੋ ਸਕਦਾ ਹੈ, ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵੀ ਕਰਵਾਈਆਂ ਜਾ ਸਕਦੀਆਂ ਹਨ। ਪਰ ਇਸ ਕਾਰ ਸੇਵਾ ਨੂੰ ਜੇਕਰ ਉਹ ਸਿਆਸੀ ਰੰਗ ਦੇਣਾ ਚਾਹੁਣ ਤਾਂ ਕੋਈ ਸਮਝੌਤਾ ਨਹੀਂ ਹੋ ਸਕਦਾ। ਉਹਨਾਂ ਦੀ ਜੋ ਧਾਰਮਕ ਸੋਚ ਹੈ, ਉਸ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ ਉਹ ਕਿਸੇ ਕਿਸਮ ਦੀ ਵਿਯਕਤੀਗਤ ਕਤਲੋਗਾਰਤ ਜਾਂ ਖੋਹ ਦੀਆਂ ਵਾਰਦਾਤਾਂ ਵਿਚ ਹਿੱਸਾ ਨਹੀਂ ਲੈਣਗੇ। ਉਂਞ ਧਾਰਮਕ ਜਨੂੰਨ ਕਰਕੇ ਤੇ ਖਾੜਕੂ ਜ਼ਹਿਨੀਅਤ ਦੇ ਹੋਣ ਕਰਕੇ ਕਿਸੇ ਕਿਸਮ ਦੇ ਫਿਰਕੂ ਫਸਾਦ ਵਿਚ ਅਮਨ ਕਾਨੂੰਨ ਲਈ ਇਹ ਖਤਰਨਾਕ ਸਾਬਤ ਹੋ ਸਕਦੇ ਹਨ, ਉਂਞ ਨਹੀਂ। ਖਾਮਖਾਹ ਇਹਨਾਂ ਨੂੰ ਛੇੜਣਾ ਠੀਕ ਨਹੀਂ ਪਰ ਇਹ ਵੀ ਪ੍ਰਭਾਵ ਨਹੀਂ ਬਣਨਾ ਚਾਹੀਦਾ ਕਿ ਇਹਨਾਂ ਦੀ ਆਪ-ਹੁਦਰੀ ਨੂੰ ਰੋਕਣ ਵਾਲਾ ਕੋਈ ਨਹੀਂ। ਲੋੜੀਂਦੀ ਇਤਿਆਦੀ ਕਾਰਵਾਈ ਹੀ ਹੋਣੀ ਚਾਹੀਦੀ ਹੈ, ਇਸ ਤੋਂ ਵੱਧ ਨਹੀਂ।

ਜੇ ਦਮਦਮੀ ਟਕਸਾਲ ਵਾਲੇ ਜਨੂੰਨ ਦੀ ਹੱਦ ਤਕ ਧਾਰਮਕ ਹਨ ਤਾਂ ਸਿਖ ਸਟੂਡੈਂਟ ਫੈਡਰੇਸ਼ਨ ਵਾਲੇ ਜਨੂੰਨ ਦੀ ਹੱਦ ਤਕ ਫਿਰਕੂ ਸ਼ਾਵਨਵਾਦ ਅੰਤੇ ਅਤਿਵਾਦ ਦੇ ਸ਼ਿਕਾਰ ਹਨ। ਸਿਖ ਰਾਜ ਦੇ ਇਹ ਧਾਰਨੀ ਹਨ। ਫਿਰਕੂ ਫ਼ਸਾਦਾਂ ਵਿਚ ਇਕ ਖਤਰਨਾਕ ਭੂਮਿਕਾ ਦੀ ਇਹਨਾਂ ਕੋਲੋਂ ਉਮੀਦ ਰੱਖੀ ਜਾ ਸਕਦੀ ਹੈ। ਐਜੀਟੇਸ਼ਨ ਦੇ ਦਰਮਿਆਨ ਸਾੜਫੂਕ ਦੀਆਂ ਕਾਰਵਾਈਆਂ ਵੀ ਇਹ ਕਰ ਸਕਦੇ ਹਨ ਪਰ ਵਿਯੋਕਤੀਗਤ ਕਤਲਾਂ ਜਾਂ ਆਤੰਕਵਾਦੀ ਕਾਰਵਾਈਆਂ ਦਾ ਇਹਨਾਂ ਨੂੰ ਜ਼ਿਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਇਹਨਾਂ ਨਾਲ ਸਿਆਸੀ ਪੱਧਰ ਤੇ ਗੱਲਬਾਤ ਅਤੇ ਲੋੜ ਪੈਣ ਤੇ ਪ੍ਰਬੰਧਕੀ ਸਖਤੀ ਨਾਲ ਨਜਿਠਿਆ ਜਾ ਸਕਦਾ ਹੈ। ਇਹ ਜਥੇਬੰਦੀ ਦੇਤੌਰ ਤੇ ਆਤੰਕਵਾਦੀ ਨਹੀਂ ਹਨ।

ਫੇਰ ਆਤੰਕਵਾਦੀ ਕੌਣ ਹਨ ? ਇਹ ਵਿਯੋਕਤੀ-ਗਤ ਕਤਲ ਕਰਨ ਵਾਲੇ, ਸਟੇਨਗਨਾਂ ਵਰਗੇ ਹਥਿਆਰ ਵਰਤਣ ਵਾਲੇ, ਸਾਰੇ ਪੰਜਾਬ ਵਿਚ ਦਹਿਸ਼ਤ ਫੈਲਾਉਣ ਵਾਲੇ ਕੌਣ ਹਨ ? ਇਹੋ ਇਕ ਵੱਡਾ ਸਵਾਲ ਹੈ, ਜਿਸਦਾ ਜਵਾਬ ਨਾ ਤਾਂ ਸ਼ਾਇਦ ਹਾਲੇ ਸਰਕਾਰ ਲਭ ਸਕੀ ਹੈ ਤੇ ਨਾ ਹੀ ਲੋਕਾਂ ਨੂੰ ਪਤਾ ਲਗ ਸਕਿਆ ਹੈ। ਇਹ ਜਵਾਬ ਲੱਭਣਾ ਬੜਾ ਜ਼ਰੂਰੀ ਹੈ, ਇਹ ਪੱਕੀ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹ ਉਪਰ ਦਸੀਆਂ ਪਹਿਲੀਆਂ ਦੋ ਜਥੇਬੰਦੀਆਂ ਵਿਚੋਂ ਨਹੀਂ ਹਨ ਇਹ ਪੇਸ਼ਾਵਰ ਕਾਤਲ ਕਿਸੇ ਖੁਫੀਆ ਸੰਸਥਾ ਦੀ ਦੇਣ ਹਨ ਜਿਨ੍ਹਾਂ ਦਾ ਤੁਅਲਕ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਵੀ ਹੋ ਸਕਦਾ ਹੈ, ਜੋ ਵਿਉਂਤਬੰਦ ਤਰੀਕੇ ਨਾਲ ਇਸ ਬਾਰਡਰ ਦੇ ਸੂਬੇ ਵਿਚ ਅਸਥਿਰਤਾ ਲਿਆਉਣ ਦਾ ਪ੍ਰੋਗਰਾਮ ਰਖਦੀਆਂ ਹੋਣ। ਇਹਨਾਂ ਪੇਸ਼ਾਵਰ ਕਾਤਲਾਂ ਨਾਲ ਕਿਸੇ ਕਿਸਮ ਦੀ ਨਰਮੀ ਵਰਤਣਾ ਘਾਤਕ ਸਾਬਤ ਹੋ ਸਕਦਾ ਹੈ। ਇਹਨਾਂ ਵਿਚੋਂ ਜਿਹੜੇ ਕਾਬੂ ਕੀਤੇ ਜਾ ਸਕੇ ਹਨ, ਉਹਨਾਂ ਤੋਂ ਪੂਰੀ ਪੁੱਛ ਗਿੱਛ ਕਰਕੇ ਸਾਧਾਰਨ ਲੋਕਾਂ ਨੂੰ ਵਿਸ਼ਵਾਸ ਵਿਚ ਲਿਆ ਜਾਣਾ ਚਾਹੀਦਾ ਹੈ ਤਾਂ ਜੋ ਦੂਜੀਆਂ ਸੰਸਥਾਵਾਂ 'ਚ ਇਹਨਾਂ ਦੀ ਘੁਸਪੈਠ ਰੋਕੀ ਜਾ ਸਕੇ। ਸੋ ਕਥਿਤ ਆਤੰਕਵਾਦੀ ਕਾਰਵਾਈਆਂ ਦਾ ਪੂਰੀ ਤਰ੍ਹਾਂ ਵਿਸ਼ਲੇਸ਼ਣ ਇਸ ਮਾਮਲੇ ਨੂੰ ਨਜਿਠਣ ਵਿਚ ਸਹਾਈ ਹੋਵੇਗਾ। ਕਿਧਰੇ ਧਾਰਮਕ ਪੱਧਰ ਤੇ (ਦਮਦਮੀ ਟਕਸਾਲ), ਕਿਧਰੇ ਸਿਆਸੀ ਪੱਧਰ ਤੇ (ਸਿਖ ਸਟੂਡੈਂਟ ਫੈਡਰੇਸ਼ਨ) ਅਤੇ ਕਿਧਰੇ ਸ਼ਖਤ ਪ੍ਰਬੰਧਕੀ ਕਾਰਵਾਈ (ਤੀਸਰੀ ਕਿਸਮ ਦੀ ਆਤੰਕਵਾਦੀ ਸੰਸਥਾ) ਦੀ ਲੋੜ ਹੈ। ਪਹਿਲੀਆਂ ਦੋ ਸੰਸਥਾਵਾਂ ਦੇ ਨਾਲ ਦੀਆਂ ਧਾਰਮਕ ਤੇ ਫਿਰਕੂ ਜ਼ਹਿਨੀਅਤ ਦੀਆਂ ਸੰਸਥਾਵਾਂ ਹਿੰਦੂਆਂ ਵਿਚ ਵੀ

ਹਨ, ਜਿਨ੍ਹਾਂ ਨੂੰ ਸ਼ਿਵ ਸੈਨਾ, ਹਿੰਦੂ ਰਖਸ਼ਾ ਸਮਤੀ ਜਾਂ ਹਿੰਦੂ ਵਿਦਿਆਰਥੀ ਸੰਸਥਾ ਆਦਿਕ ਨਾਮ ਦਿਤਾ ਗਿਆ ਹੈ। ਇਹਨਾਂ ਦੀਆਂ ਕਾਰਵਾਈਆਂ ਨੂੰ ਵੀ ਉਸੇ ਤਰ੍ਹਾਂ ਹਰ ਪੱਧਰ ਤੇ ਨਜਿੱਠਣਾ ਚਾਹੀਦਾ ਹੈ। ਬਿਮਾਰੀ ਦੀ ਅਸਲੀਅਤ ਪਛਾਣਕੇ ਹੀ ਬਿਮਾਰੀ ਵਿਰੁਧ ਲੜਿਆ ਜਾ ਸਕਦਾ ਹੈ। ਇਸ ਨਾਜ਼ੁਕ ਘੜੀ ਸੂਝਵਾਨ ਲੋਕਾਂ ਦੀ ਆਪਸੀ ਏਕਤਾ ਅਤੇ ਸਾਂਝੀ ਕਾਰਵਾਈ ਸਮੇਂ ਦੀ ਜ਼ਰੂਰਤ ਹੈ।

## ੦ ਦਲੀਲ ਦੀ ਆਵਾਜ਼ :

ਪਹਿਲੇ ਗੁਰਦਾਸਪੁਰ, ਫੇਰ ਨਕੋਦਰ ਅਤੇ ਇਹ ਲਾਈਨਾਂ ਲਿਖਣ ਵੇਲੇ ਬਟਾਲਾ ਦੀ ਵੀ ਖਬਰ ਆ ਗਈ ਹੈ ਕਿ ਹਿੰਦੂ ਸਿਖਾਂ ਦੇ ਦਰਮਿਆਨ ਫ਼ਸਾਦਾਂ ਵਾਲੀ ਹਾਲਤ ਵਾਲਾ ਖਿਚਾਅ ਪੈਦਾ ਹੋ ਗਿਆ ਹੈ। ਸ਼ੈਤਾਨੀ ਅਨਸਰ ਸਾਧਾਰਨ ਲੋਕਾਂ ਦੀ ਜ਼ਿੰਦਗੀ ਵਿਚ ਜ਼ਹਿਰ ਘੋਲਣ ਵਿਚ ਕਿਸਤਰ੍ਹਾਂ ਕਾਮਯਾਬ ਹੋ ਜਾਂਦੇ ਹਨ, ਇਹਦੀ ਮਿਸਾਲ ਗੁਰਦਾਸਪੁਰ ਅਤੇ ਨਕੋਦਰ ਵਿਚ ਮਿਲਦੀ ਹੈ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਵਰਕਰਾਂ ਨੇ ਦੋਨੋਂ ਥਾਵਾਂ ਤੇ ਵਾਪਰੀਆਂ ਘਟਾਵਾਂ ਦੀ ਅਜ਼ਾਦਾਨਾ ਤੌਰ ਤੇ ਘੋਖ ਪੜਤਾਲ ਕੀਤੀ ਹੈ। ਗੁਰਦਾਸਪੁਰ ਦਾ ਸਾਰਾ ਫਸਾਦ ਦੋ ਗੁੰਡੇ ਨੁਮਾ ਵਿਅਕਤੀਆਂ ਦੇ ਆਪਸੀ ਵਿਰੋਧ ਦੀ ਦੇਣ ਹੈ। ਦੋਨੋਂ ਕਿਸੇ ਵੇਲੇ ਇਕ ਸਨ ਤੇ ਮਿਲਕੇ ਲੋਕਾਂ ਦੀ ਖਾਲੀ ਪਈ ਜ਼ਮੀਨ ਤੇ ਨਜਾਇਜ਼ ਕਬਜ਼ਾ ਕਰਨ ਦਾ ਧੰਦਾ ਕਰਦੇ ਸਨ। ਕਿਸੇ ਗੱਲੋਂ ਆਪਸ ਵਿਚ ਹਿੱਸੇ ਵੰਡਦਿਆਂ ਲੜ ਪਏ, ਇਕ ਮੰਦਰ ਦੀ ਜ਼ਮੀਨ ਉਤੇ ਇਹਨਾਂ ਦੋਨਾਂ ਨਜਾਇਜ਼ ਤਰੀਕੇ ਨਾਲ ਖੋਂਖੇ ਪਾਏ ਹੋਏ ਸਨ। ਇਹਨਾਂ ਗੁੰਡਿਆਂ ਵਿਚੋਂ ਇਕ ਹਿੰਦੂ ਸੀ ਅਤੇ ਇਕ ਸਿੱਖ ਸੀ। ਮੰਦਰ ਦੀ ਜ਼ਮੀਨ ਦੀ ਗੱਲ ਸੀ, ਇਸ ਲਈ ਝਗੜਾ ਵਧਦਾ ਵਧਦਾ ਹਿੰਦੂ ਸਿੱਖ ਝਗੜਾ ਬਣ ਗਿਆ। ਪ੍ਰਿੰਸੀਪਲ ਸੁਜਾਨ ਸਿੰਘ ਵਰਗੇ ਸੁਘੜ ਬੰਦਿਆ ਨੇ ਜਦੋਂ ਸਾਰੀ ਪੜਤਾਲ ਕਰਕੇ ਵਿਚ ਵਿਚੋਲਾ ਕੀਤਾ ਤਾਂ ਦੋਨੋਂ ਧੜੇ ਠੰਢੇ ਹੋ ਗਏ, ਪਰ ਉਸ ਵੇਲੇ ਤਕ ਜਾਨੀ ਅਤੇ ਮਾਲੀ ਨੁਕਸਾਨ ਹੋ ਚੁਕਿਆ ਸੀ। ਜੋ ਗੱਲ ਪ੍ਰਿੰਸੀਪਲ ਸੁਜਾਨ ਸਿੰਘ ਜੀ ਤੇ ਜਮਹੂਰੀ ਅਧਿਕਾਰ ਸਭਾ ਦੇ ਹੋਰ ਸਾਥੀ ਕਰ ਸਕੇ ਉਹ ਆਸਾਨੀ ਨਾਲ ਸਰਕਾਰੀ ਅਧਿਕਾਰੀ ਵੀ ਕਰ ਸਕਦੇ ਸਨ, ਪਰ ਸਰਕਾਰੀ ਅਧਿਕਾਰੀਆਂ ਨੇ ਸਗੋਂ ਗੋਲੀ ਚਲਾਕੇ ਤੇ ਇਕ ਵਿਅਕਤੀ ਨੂੰ ਹਲਾਕ ਕਰਕੇ ਗੱਲ ਨੂੰ ਹੋਰ ਵੀ ਵਿਗਾੜ ਦਿਤਾ। ਨਕੋਦਰ ਵੀ ਗੁਰਦੁਆਰੇ ਦੇ ਇਕ ਕਮਰੇ ਵਿਚ ਜਿਥੇ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਪਈਆਂ ਹੋਈਆਂ ਸਨ, ਅੱਗ ਅਚਾਨਕ ਲਗੀ। ਗੁਰਦੁਆਰੇ ਦੇ ਭਾਈ ਜੀ ਦੀ ਬੀਵੀ ਇਸ ਦੀ ਚਸ਼ਮਦੀਦ ਗਵਾਹ ਹੈ। ਬੜੀ ਆਸਾਨੀ ਨਾਲ ਅਰਦਾਸ ਕਰਕੇ ਅੱਧਸੜੀਆਂ ਬੀੜਾਂ ਨੂੰ ਜੱਲ ਪ੍ਰਵਾਹ ਕੀਤਾ ਜਾ ਸਕਦਾ ਸੀ, ਪਰ ਉਥੇ ਵੀ ਸ਼ਰਾਰਤੀ ਅਨਸਰ ਭੜਕਾਹਟ ਪੈਦਾ ਕਰਨ ਵਿਚ ਕਾਮਯਾਬ ਹੋ ਗਏ। ਚਾਰ ਜਾਨਾਂ ਦਾ ਅਤੇ ਹੋਰ ਕਿਨਾਂ ਸਾਰਾ ਮਾਲੀ ਨੁਕਸਾਨ ਹੋਇਆ। ਉਥੇ ਵੀ ਸਰਕਾਰੀ ਅਧਿਕਾਰੀ ਹਾਲਤ ਨੂੰ ਕਾਬੂ ਕਰਨ ਦੀ ਥਾਂ ਵਿਗਾੜਣ ਵਾਲੇ ਹੀ ਸਿੱਧ ਹੋਏ। ਜੋ ਕੁਝ ਗੁਰਦਾਸਪੁਰ ਨਕੋਦਰ ਹੋਇਆ ਹੈ, ਉਹ ਭਾਰਤ ਦੇ ਹੋਰ ਹਿੱਸਿਆਂ ਵਿਕ ਹੋ ਰਿਹਾ ਹੈ। ਅਯੁਧਿਆ ਦੇ ਇਕ ਮੰਦਰ ਮਸੀਤ ਦੇ ਝਗੜੇ ਨੂੰ ਲੈ ਕੇ ਕਈ ਥਾਂ ਹਿੰਦੂ-ਮੁਸਲਮਾਨ ਫਸਾਦ ਹੋਏ ਹਨ। ਇਹਨਾਂ ਫਸਾਦਾਂ ਦੇ ਹੋਰ ਛੋਟੇ-ਮੋਟੇ ਕਾਰਨ ਵੀ ਹੋ ਸਕਦੇ ਹਨ ਪਰ ਵੱਡਾ ਕਾਰਨ ਧਾਰਮਕ ਜਨੂੰਨ ਹੈ, ਜੋ ਚੰਗੇ ਭਲੇ ਸਿਆਣੇ ਲੋਕਾਂ ਨੂੰ ਭੜਕਾਉਣ ਵਿਚ ਸਫਲ ਹੋ ਜਾਂਦਾ ਹੈ। ਇਸ ਜਨੂੰਨ ਪਿਛੇ ਉਹ ਸ਼ਾਵਨਵਾਦੀ ਸੋਚ ਹੈ ਕਿ ਸਾਡੇ ਪੈਗੰਬਰ ਜਾਂ ਅਵਤਾਰ ਜੋ ਕਹਿ ਗਏ ਹਨ ਉਹ ਆਖ਼ਰੀ ਸੱਚ ਹੈ। ਹਜ਼ਾਰਾਂ ਸਾਲ ਪਹਿਲੇ ਹਿੰਦੂ ਵੇਦ ਲਿਖੇ ਗਏ, ਇਸਾਈਆਂ ਦੀ ਅੰਜੀਲ 2000 ਸਾਲ ਪਹਲੇ ਲਿਖੀ ਗਈ, ਕੁਰਾਨ ਸ਼ਰੀਫ਼ ਲਿਖਿਆ ਗਿਆ, 500 ਸਾਲ ਪਹਿਲਾਂ ਸਿੱਖ ਧਰਮ ਨੇ ਜਨਮ ਲਿਆ। ਇਹ ਸਭ ਬਾਣੀਆਂ ਈਸ਼ਵਰ, ਖੁਦਾ, ਅੱਲ੍ਹਾ, ਵਾਹਿਗੁਰੂ ਦੀਆਂ ਇਲਾਹੀ ਬਾਣੀਆਂ ਨਾਲ ਜਾਣੀਆਂ ਜਾਂਦੀਆਂ ਹਨ, ਇਸ ਲਈ ਇਹਨਾਂ ਨੂੰ ਅਪਣੀ ਅਪਣੀ ਥਾਂ ਅੰਤਮ ਸਚ ਦਾ ਦਰਜਾ ਦਿਤਾ ਜਾਂਦਾ ਹੈ। ਪਰ ਸਮਝਣ ਵਾਲੀ ਗੱਲ ਇਹ ਹੈ ਕਿ ਮਨੁੱਖੀ ਸੋਚ ਉਥੇ ਨਹੀਂ ਖਲੋਤੀ ਜਿਥੇ ਹਜ਼ਾਰਾਂ ਸਾਲ ਪਹਿਲੇ, ਜਾਂ ਦੋ ਹਜ਼ਾਰ ਸਾਲ ਪਹਿਲੇ ਖਲੋਤੀ ਸੀ ਤੇ ਇਹ ਉਥੇ ਵੀ ਨਹੀਂ ਖਲੋਤੀ ਜਿਥੇ ਪੰਜ ਸੌ ਸਾਲ ਪਹਿਲੇ ਸੀ। ਇਹ ਗੱਲ ਮਾਰਕਸਵਾਦੀਆਂ ਉਤੇ ਵੀ ਲਾਗੂ ਹੁੰਦੀ ਹੈ। ਉਹ ਵੀ ਕਈ ਵਾਰ ਧਾਰਮਕ ਜਨੂੰਨੀਆਂ ਵਾਂਗ ਹੀ ਵਰਤਾਰਾ ਕਰਦੇ ਹਨ। ਦੁਨੀਆਂ ਉਥੇਂ ਨਹੀਂ ਖਲੋਤੀ ਹੋਈ, ਜਿਥੇ ਸੌ ਸਾਲ ਪਹਿਲੇ ਖਲੋਤੀ ਸੀ। ਆਪਣੇ ਇਸ਼ਟ ਨੂੰ 'ਆਖਰੀ ਸੱਚ' ਦਾ ਦਰਜਾ ਦੇਣਾ ਇਕ ਜਨੂੰਨ ਹੈ, ਇਹ ਜਨੂੰਨ ਮਨੁੱਖੀ ਭਾਈਚਾਰੇ ਦਾ ਸਾਰਿਆਂ ਨਾਲੋਂ ਵੱਧ ਘਾਤਕ ਰੋਗ ਹੈ। ਇਸ ਰੋਗ ਵਿਰੁੱਧ ਸਿਰਫ਼ ਦਲੀਲ ਨੂੰ ਹੀ ਆਧਾਰ ਬਣਾਕੇ ਲੜਿਆ ਜਾ ਸਕਦਾ ਹੈ।

## ੦ ਝੂਠੀ ਸਰਕਾਰ ਦਾ ਝੂਠਾ ਟੈਲੀਵੀਜ਼ਨ ਤੇ ਝੂਠਾ ਰੇਡੀਓ

10 ਫਰਵਰੀ ਵਿਰੋਧੀ ਪਾਰਟੀਆਂ ਵਲੋਂ 'ਦਿੱਲੀ-ਬੰਦ' ਦਾ ਸੱਦਾ ਦਿੱਤਾ ਗਿਆ ਸੀ, ਇਹ ਸਦਾ ਰੋਜ਼ ਦੀਆਂ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਅਤੇ ਬਸਾਂ ਦੇ ਕਿਰਾਏ ਵਿਚ ਅੰਤਾਂ ਦੇ ਵਾਧੇ ਵਿਰੋਧ ਰੋਸ ਵਜੋਂ ਦਿਤਾ ਗਿਆ ਸੀ। ਸਾਰੇ ਵਪਾਰਕ ਅਦਾਰੇ ਪੂਰੀ ਤਰ੍ਹਾਂ ਬੰਦ ਸਨ। ਸਰਕਾਰੀ ਬਸਾਂ ਖਾਲੀ ਚਲ ਰਹੀਆਂ ਸਨ।

ਕੰਨਾਟ ਪਲੇਸ ਵਿੱਚ ਵੀਰਾਨੀ ਛਾਈ ਹੋਈ ਸੀ, ਹਰ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਬੰਦ ਮੁਕੰਮਲ ਸੀ ਪਰ ਉਸੇ ਰਾਤ ਟੀ. ਵੀ. ਦੀਆਂ ਖ਼ਬਰਾਂ ਵਿਚ ਸਰੇਦੇ ਝੂਠ ਇਹ ਦੱਸਿਆ ਗਿਆ ਕਿ ਬੰਦ ਕਿਸੇ ਕਿਸਮ ਦਾ ਲੋਕਾਂ ਉੱਤੇ ਪ੍ਰਭਾਵ ਪਾਉਣ ਵਿਚ ਅਸਫਲ ਰਿਹਾ। ਦਿੱਲੀ ਦੇ ਲੋਕ ਇਹ ਖਬਰ ਸੁਣਕੇ ਹੈਰਾਨ ਰਹਿ ਗਏ। ਭਾਰਤ ਦੇ ਟੀ. ਵੀ. ਦੀ ਸਾਖ ਅੱਗੇ ਹੀ ਲੋਕਾਂ ਦੀਆਂ ਨਜ਼ਰਾਂ ਵਿਚ ਬੜੀ ਨੀਵੀਂ ਹੈ, ਪਰ ਜਿਸ ਨੀਵੇਂਪਣ ਦਾ ਪ੍ਰਭਾਵ ਉਸ ਰਾਤ ਦੀਆਂ ਖ਼ਬਰਾਂ ਵਿਚ ਪਿਆ, ਉਹ ਅਪਣੇ ਆਪ ਵਿਚ ਇਕ ਬੜਾ ਹੀ ਖ਼ਤਰਨਾਕ ਸਿੱਧ ਹੋ ਸਕਦਾ ਹੈ। ਹੁਣ ਹਰ ਇਕ ਖ਼ਬਰ ਸੁਣਨ ਤੋਂ ਬਾਅਦ ਲੋਕ ਕਿਆਸ ਲਗਾਉਣ ਤੇ ਮਜਬੂਰ ਹੋਣਗੇ ਕਿ ਇਨ੍ਹਾਂ ਖਬਰਾਂ ਵਿਚ ਕਿੰਨਾਂ ਕੁ ਸੱਚ ਹੈ ! ਭਾਰਤੀ ਜੰਤਾ ਪਾਰਟੀ ਦੇ ਵਰਕਰਾਂ ਨੇ ਦੂਰਦਰਸ਼ਨ ਕੇਂਦਰ ਦੇ ਗੇਟ ਅੱਗੇ ਜੋ ਇਸ ਪ੍ਰਸੰਗ ਵਿਚ ਧਰਨਾ ਦਿਤਾ ਉਹ ਇਕ ਸਲਾਹੁਣਯੋਗ ਕਦਮ ਸੀ। ਲੋਕ ਰਾਏ ਨੂੰ ਜਾਗਰੂਪ ਕਰਨ ਲਈ ਇਹੋ ਜਿਹੇ ਧਰਨੇ ਬਹੁਤ ਜ਼ਰੂਰੀ ਹਨ।

## ੦ ਇਸ ਵੇਲੇ ਦਰਬਾਰ ਸਾਹਿਬ ਕੀ ਹੋ ਰਿਹਾ ਹੈ ?

16 ਫਰਵਰੀ ਅੰਨਦਪੁਰ ਹੋਏ ਸਰਬਤ ਖਾਲਸਾ ਇਕੱਠ ਦੇ ਰੈਜ਼ੂਲੇਸ਼ਨਾਂ ਤੋਂ ਜਾਂ ਅਖਬਾਰਾਂ ਵਿਚ ਨਿਕਲ-ਦੀਆਂ ਖਬਰਾਂ ਤੋਂ ਇਸ ਤਰ੍ਹਾਂ ਪ੍ਰਭਾਵ ਪੈਦਾ ਹੈ, ਜਿਸ ਤਰ੍ਹਾਂ ਦਰਬਾਰ ਸਾਹਿਬ ਕੰਪਲੈਕਸ ਵਿਚ ਗ਼ਦਰ ਪਿਆ ਹੋਇਆ ਹੈ। ਹਥਿਆਰਬੰਦ ਅਤਿਵਾਦੀਆਂ ਨੇ ਉਥੇ ਕਬਜ਼ਾ ਕੀਤਾ ਹੋਇਆ ਹੈ ਅਤੇ ਸਾਧਾਰਨ ਬੰਦੇ ਦ ਉਥੇ ਜਾਣਾ ਖਤਰੇ ਤੋਂ ਖਾਲੀ ਨਹੀਂ, ਪਰ ਇਹ ਪ੍ਰਭਾਵ ਬਿਲ-ਕੁਲ ਗਲਤ ਹੈ। ਦਰਬਾਰ ਸਾਹਿਬ ਵਿਚ ਅਮਨ ਅਮਾਨ ਨਾਲ ਕਾਰ ਸੇਵਾ ਹੋ ਰਹੀ ਹੈ। ਹਰਮੰਦਰ ਸਾਹਿਬ ਤੋਂ ਉਸੇ ਤਰ੍ਹਾਂ ਕੀਰਤਨ ਹੋ ਰਿਹਾ ਹੈ। ਹੋਰ ਵੀ ਸਾਰੀ ਕਾਰ-ਵਾਈ ਸਾਧਾਰਨ ਦਿਨਾਂ ਵਾਕੁਨ ਹੋ ਰਹੀ ਹੈ। ਹਾਲਤ ਕੋਈ ਇਹੋ ਜਿਹੇ ਨਹੀਂ ਕਿ ਕਿਸੇ ਕਿਸਮ ਦੀ ਫੌਰੀ ਪੁਲਸੀ ਕਾਰਵਾਈ ਦੀ ਲੋੜ ਹੈ। ਇਸ ਮਸਲੇ ਨੂੰ ਸਿਆਣਪ ਨਾਲ ਸੁਲਝਾਉਣ ਦੀ ਲੋੜ ਹੈ। ਟੌਹੜਾ ਹੋ. ੀ ਜੇਕਰ ਕੋਈ ਸ਼ਹੀਦੀ ਜੱਥਾ ਲੈਕੇ ਜਾਣਗੇ ਤਾਂ ਨਤੀਜੇ ਕੋਈ ਚੰਗੇ ਨਹੀਂ ਨਿਕਲਣਗੇ। ਹਾਂ ਜੇਕਰ ਕੁਝ ਨਿਰਪੱਖ ਕਿਸਮ ਦੇ ਲੋਕ ਭਾਵੇਂ ਉਹ ਫੌਜੀ ਜਰਨੈਲ ਹੋਣ, ਭਾਵੇਂ ਵਕੀਲ ਹੋਣ, ਭਾਵੇਂ ਬੁਧੀਜੀਵੀ ਹੋਣ, ਉਹ ਜੇਕਰ ਕੋਈ ਜੱਥਾ ਲੈਕੇ ਜਾਣ ਤੇ ਕੁੱਝ ਘੱਟ ਤੋਂ ਘੱਟ ਮੰਗਾਂ ਮੰਨਵਾਕੇ ਜਿਸਦੇ ਨਾਲ ਦੋਨੋਂ ਧਿਰਾਂ ਦਾ ਵਕਾਰ ਕਾਇਮ ਰਹਿ ਸਕੇ, ਬੜੀ ਅਸਾਨੀ ਨਾਲ ਸਮਝੌਤਾ ਕਰਾਇਆ ਜਾ ਸਕਦਾ ਹੈ। ਏਨੇ ਸਾਰੇ ਸਿੱਖ ਫੋਰਮ ਬਣੇ ਹੋਏ ਹਨ। ਹਰ ਦੂਜੇ ਦਿਨ ਉਹ ਕੋਈ ਨਾ ਕੋਈ ਬਿਆਨ ਅਖ਼ਬਾਰਾਂ ਵਿਚ ਦੇ ਦੇਂਦੇ ਹਨ। ਕਦੀ ਕੇਂਦਰੀ ਸਰਕਾਰ ਦੀ ਨਿਖੇਧੀ ਕਰ ਦੇਂਦੇ ਹਨ, ਕਦੀ ਵਰਤਮਾਨ ਸਰਕਾਰ ਨੂੰ ਨੇਕ ਸਲਾਹ ਦੇ ਦੇਂਦੇ ਹਨ, ਪਰ ਜਿਥੇ ਉਹਨਾਂ ਦੀ ਲੋੜ ਹੁੰਦੀ ਹੈ, ਉਥੇ ਉਹ ਮੂੰਹ ਨਹੀਂ ਦਿਖਾਂਦੇ। ਇਸ ਮਾਮਲੇ ਵਿਚ ਉਹਨਾਂ ਨੂੰ ਪਹਿਲ ਕਦਮੀ ਕਰਨੀ ਚਾਹੀਦੀ ਹੈ। ਹਾਲੀ ਕੁਝ ਨਹੀਂ ਵਿਗੜਿਆ ਪਰ ਵਿਗਾੜ ਹੋ ਸਕਦਾ ਹੈ। ਜਿਨ੍ਹਾਂ ਕੋਲ ਹਰਮੰਦਿਰ ਸਾਹਿਬ ਦੇ ਕੰਪਲੈਕਸ਼ ਦਾ ਕਬਜ਼ਾ ਹੈ, ਉਹਨਾਂ ਕੋਲੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਉਹ ਹਰ ਵੇਲੇ ਹੀ ਜ਼ਬਤ ਵਿਚ ਰਹਿਣ। ਪਹਿਲੇ ਅਕਾਲ ਤੱਖ਼ਤ ਦਾ ਨੁਕਸਾਨ ਹੋਇਆ ਸੀ, ਹੁਣ ਹਰਮੰਦਰ ਸਾਹਿਬ ਵੀ ਹੋ ਸਕਦਾ ਹੈ। ਪੰਜਾਬ ਦੀ ਅਮਨ ਸ਼ਾਂਤੀ ਲਈ ਜ਼ਰੂਰੀ ਹੈ ਕਿ ਦਰਬਾਰ ਸਾਹਿਬ ਦੇ ਕੰਪਲੈਕਸ ਦਾ ਮਾਮਲਾ ਅਮਨ ਸ਼ਾਂਤੀ ਨਾਲ ਨਜਿਠਿਆ ਜਾਏ।

## ੦ ਗਲਤ ਸ਼ਬਦਾਵਲੀ

ਰੱਬ ਦੀ ਹੋਂਦ ਨੂੰ ਮੰਨਣਾ ਜਾਂ ਨਾ ਮੰਨਣਾ ਇਕ ਵਾਦਵਿਵਾਦਕ ਮਸਲਾ ਹੈ। ਆਸਤਕਤਾ ਅਤੇ ਨਾਸਤ-ਕਤਾ ਦੇ ਫਲਸਫੇ ਦਾ ਵਾਦਵਿਵਾਦ ਯੁਗਾਂ ਪੁਰਾਣਾ ਹੈ। ਭਗਤ ਸਿੰਘ ਨੇ ਆਪਣੀਆਂ ਲਿਖਤਾਂ ਵਿਚ ਅਮਲੀ ਮਿਸਾਲਾਂ ਲੈ ਕੇ ਆਸਤਕਤਾ ਦੇ ਫਲਸਫੇ ਨੂੰ ਲੁੱਟੇ ਜਾਂਦੇ ਲੋਕਾਂ ਲਈ ਬੜਾ ਹਾਨੀਕਾਰਕ ਸਾਬਤ ਕੀਤਾ। ਨਾਸਤ-ਕਤਾ ਦੇ ਫਲਸਫੇ ਲਈ ਉਹਦੇ ਵਿਰੋਧੀਆਂ ਵਿਚ ਵੀ ਸਤਿਕਾਰ ਪੈਦਾ ਕੀਤਾ। ਉਹ ਇਹ ਕਰਨ ਵਿਚ ਸਫਲ ਹੋਇਆ, ਕਿਉਂਕਿ ਉਸਨੇ ਫਲਸਫੇ ਨੂੰ ਵਿਚਾਰਨ ਲਗਿਆਂ ਸ਼ਬਦਾਂ ਦੀ ਠੀਕ ਵਰਤੋਂ ਕੀਤੀ। ਉਹ ਜਾਣਦਾ ਸੀ ਕਿ ਉਹਦੇ ਸਾਥੀਆਂ ਵਿਚੋਂ ਕਈ ਬੜੇ ਚੰਗੇ ਸਾਥੀ ਹਨ ਜੋ 'ਈਸ਼ਵਰ' ਦੀ ਹੋਂਦ ਬਾਰੇ ਨੇਕ ਜਜ਼ਬੇ ਰੱਖਦੇ ਹਨ। ਇਸ ਪ੍ਰਸੰਗ ਵਿਚ ਰੈਸ਼ਨਲਿਸਟ ਸੋਸਾਇਟੀ ਦੇ ਕਿਸੇ ਮੈਂਬਰ ਵਲੋਂ ਲਿਖੀ ਗਈ ਇਕ ਗ਼ਲਤ ਲਿਖਤ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜੋ ਸੋਸਾਇਟੀ ਦੇ ਕੰਮ ਵਿਚ ਹਰਜਾ ਪਾ ਸਕਦੀ ਹੈ। ਇਸਦਾ ਨੋਟਿਸ, ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਢੇ ਜਾਂਦੇ ਪਰਚੇ ਗੁਰਮਤ ਪ੍ਰਚਾਰ ਵਿਚ ਲਿਆ ਗਿਆ ਹੈ। ਉਸ ਲਿਖਤ ਵਿਚ ਇਕ ਫਿਕਰਾ ਹੈ 'ਰੱਬ ਸ਼ੈਤਾਨੀ ਦਿਮਾਗ ਦੀ ਕਾਢ ਹੈ'। ਇਸੇ ਇਕ ਫਿਕਰੇ ਨੂੰ ਲੈ ਕੇ (ਬਾਕੀ ਸਭ ਕੁਝ ਭੁਲਾ ਕੇ) ਗੁਰਮਤ ਪ੍ਰਚਾਰ ਵਾਲਿਆਂ ਨੇ ਸਵਾਲ ਕੀਤਾ ਹੈ "ਕੀ ਬਾਬਾ ਨਾਨਕ ਸ਼ੈਤਾਨੀ ਦਿਮਾਗ਼ ਸੀ ?" ਉਹਨਾਂ ਦੀ ਦਲੀਲ ਵਿਚ ਵਜ਼ਨ ਹੈ। ਉਹ ਇਸੇ ਸਵਾਲ ਨੂੰ ਖੜਾ ਕਰਕੇ ਆਮ ਲੋਕਾਂ ਨੂੰ ਸੋਸਾਇਟੀ ਦੇ ਵਿਰੁਧ ਕਰ ਸਕਦੇ ਹਨ। ਇਹ ਦੁਖਦਾਇਕ ਗੱਲ ਹੋਵੇਗੀ। ਰੈਸ਼ਨਲਿਸਟ ਸੋਸਾਇਟੀ ਪੰਜਾਬ ਨੇ ਥੋੜੇ ਸਮੇਂ ਵਿਚ ਕੁਝ ਠੋਸ ਕੰਮ ਕਰਕੇ ਲੋਕਾਂ

ਨੂੰ ਭੂਤਾਂ, ਪਰੇਤਾਂ, ਵਹਿਮਾਂ, ਭਰਮਾਂ ਤੋਂ ਛੁਟਕਾਰਾ ਪਾਉਣ ਲਈ ਬੜਾ ਵਧੀਆ ਕੰਮ ਕੀਤਾ ਹੈ। ਡਾਕਟਰ ਕਾਵੂਰ ਦੀਆਂ ਦੋ ਕਿਤਾਬਾਂ 'ਦੇਵਪੁਰਸ਼ ਹਾਰ ਗਏ' ਅਤੇ 'ਦੇਵ, ਦੈਂਤ ਤੇ ਰੂਹਾਂ' ਤੇ ਹੁਣ ਅਪਣੀ ਕਿਤਾਬ 'ਰੌਸ਼ਨੀ' ਕੱਢਕੇ ਲੋਕਾਂ ਵਿਚ ਜਾਗ੍ਰਿਤੀ ਲਿਆਂਦੀ ਹੈ। ਕਿਸੇ ਮੈਂਬਰ ਵਲੋਂ ਕੀਤੀ ਗਈ ਨਿੱਕੀ ਜਹੀ ਗਲਤ ਸੋਸਾਇਟੀ ਦੇ ਕੰਮ ਵਿਚ ਵਿਘਨ ਪਾ ਸਕਦੀ ਹੈ। ਫਲਸਫੇ ਬਾਰੇ ਵਾਦਵਿਵਾਦ ਕਰਦਿਆਂ ਸਾਨੂੰ ਸ਼ਬਦਾਂ ਦੀ ਵਰਤੋਂ ਦਾ ਖ਼ਿਆਲ ਰਖਣਾ ਚਾਹੀਦਾ ਹੈ।

—ਗ.ਸ.

o

## ਪਲਸ ਮੰਚ ਦਾ ਦੂਸਰਾ ਸਾਲਾਨਾ ਸਭਿਆਚਾਰਕ ਸਮਾਗਮ

**ਗੁਰਬਖਸ਼ ਜੱਸ**

ਹੇਠ ਅਸੀਂ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਦੂਸਰੇ ਸਾਲਾਨਾ ਸਭਿਆਚਾਰਕ ਸਮਾਗਮ ਦੀ ਰੀਪੋਰਟ ਦੇ ਰਹੇ ਹਾਂ। ਕੁਝ ਕੁ ਦਰਸ਼ਕਾਂ ਦੇ ਵਿਚਾਰ ਸਾਨੂੰ ਜ਼ਬਾਨੀ ਜਾਂ ਲਿਖਤ ਰੂਪ ਵਿਚ ਮਿਲੇ ਹਨ। ਆਮ ਤੌਰ ਤੇ ਜਿਥੇ ਇਹ ਗੱਲ ਆਖੀ ਗਈ ਹੈ ਕਿ ਇਹ ਸਭਿਆਚਾਰ ਸਮਾਗਮ ਹੁਣ ਇਨਕਲਾਬੀ ਸੋਚ ਵਾਲੇ ਲੋਕਾਂ ਦਾ ਅਤੇ ਉਹਨਾਂ ਲੋਕਾਂ ਦਾ ਜੋ ਪੰਜਾਬ ਵਿਚ ਇਕ ਸੇਹਿਤਮੰਦ ਸਭਿਆਚਾਰ ਦੀ ਉਸਾਰੀ ਦੇ ਇੱਛਕ ਹਨ, ਇਕ ਸਾਲਾਨਾ ਮੇਲੇ ਦਾ ਰੂਪ ਧਾਰਨ ਕਰ ਗਿਆ ਹੈ, ਉਥੇ ਇਹ ਵੀ ਟਿਪਣੀ ਕੀਤੀ ਗਈ ਹੈ ਕਿ ਇਸ ਸਾਲ ਇਸ ਸਮਾਗਮ ਵਿਚ ਪੇਸ਼ ਕੀਤੇ ਗਏ ਨਾਟਕਾਂ ਦੀ ਪੱਧਰ ਕਲਾਤਮਕ ਪੱਖ ਤੋਂ ਪਿਛਲੇ ਸਾਲ ਤੋਂ ਨੀਵੀਂ ਸੀ। ਅਸੀਂ ਪਲਸ ਮੰਚ ਦੀਆਂ ਸਾਰੀਆਂ ਟੀਮਾਂ ਅੱਗੇ ਬੇਨਤੀ ਕਰਦੇ ਹਾਂ ਕਿ ਇਸ ਅਲੋਚਨਾ ਨੂੰ ਸਵੀਕਾਰ ਕਰਦੇ ਹੋਏ ਪਲਸ ਮੰਚ ਦੇ ਸਮਾਗਮ ਤੇ ਪੇਸ਼ ਕਰਨ ਵਾਲੇ ਨਾਟਕਾਂ ਤੇ ਹੋਰ ਮਿਹਨਤ ਕਰਨ। ਅਗਲਾ ਸਮਾਗਮ 5-6 ਅਪ੍ਰੈਲ ਦੀ ਦਰਮਿਆਨੀ ਰਾਤ ਬਾਲਦ ਕਲਾਂ (ਭਵਾਨੀਗੜ੍ਹ, ਜ਼ਿਲਾ ਸੰਗਰੂਰ ਦੇ ਨੇੜੇ) ਅਤੇ ਫੇਰ 7 ਜੂਨ ਲੁਧਿਆਣਾ ਵਿਖੇ ਹੋ ਰਿਹਾ ਹੈ।

—ਸੰਪਾਦਕ

25 ਜਨਵਰੀ 1986 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਪੰਜਾਬ ਲੋਕ ਸਭਿਆਚਾਰਕ ਮੰਚ ਦਾ ਦੂਸਰਾ ਸਾਲਾਨਾ ਸਮਾਗਮ ਪੇਸ਼ ਕੀਤਾ ਗਿਆ। ਇਹ ਸਮਾਗਮ ਸ਼ਾਮ ਨੂੰ 6 ਕੁ ਵਜੇ ਸ਼ੁਰੂ ਹੋ ਗਿਆ ਸੀ। ਸਮਾਗਮ ਦਾ ਅਰੰਭ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤੇ ਗਏ ਐਕਸ਼ਨ ਗੀਤ 'ਜਾਗ ਜਾਗ ਉਹ ਲੋਕਾ' ਨਾਲ ਸ਼ੁਰੂ ਹੋਇਆ। ਸਮਾਗਮ ਦੇ ਸ਼ੁਰੂ ਵਿਚ ਪੰਜਾਬ ਦੇ ਵੱਖ ਵੱਖ ਇਲਾਕਿਆਂ ਤੋਂ ਆਈਆਂ ਟੀਮਾਂ ਨੇ ਆਪਣੇ ਗੀਤ ਅਤੇ ਐਕਸ਼ਨ ਗੀਤ ਪੇਸ਼ ਕੀਤੇ। ਕਿਸੇ ਕਿਸੇ ਵੀ ਜਮਹੂਰੀ ਲਹਿਰ ਦੇ ਵਿਕਾਸ ਵਿਚ ਇਨਕਲਾਬੀ ਗੀਤਾਂ ਦਾ ਆਪਣਾ ਹੀ ਯੋਗਦਾਨ ਹੁੰਦਾ ਹੈ। ਕਿਸੇ ਵੀ ਸਫਲ ਇਨਕਲਾਬੀ ਗੀਤ ਵਿਚ ਲੋਕਾਂ ਨੂੰ ਆਪਣੇ ਹੱਕਾਂ ਅਤੇ ਜਮਾਤੀ ਸੂਝ ਪ੍ਰਤੀ ਚੇਤਨ ਕਰਨ ਦੀ ਅਥਾਹ ਸਮਰਥਾ ਹੁੰਦੀ ਹੈ। ਵਿਸ਼ੇਸ਼ ਕਰਕੇ ਜਦੋਂ ਕੋਈ ਇਨ-ਕਲਾਬੀ ਗੀਤ ਨਾਟਕੀ ਐਕਸ਼ਨ ਵਿਚ ਪੇਸ਼ ਕੀਤਾ ਜਾਂਦਾ ਹੈ ਤਾਂ ਇਹਦਾ ਸਮੁੱਚਾ ਪ੍ਰਭਾਵ ਕਿਸੇ ਸਫਲ ਨਾਟਕ ਤੋਂ ਘੱਟ ਨਹੀਂ ਹੁੰਦਾ।

ਉਂਝ ਤਾਂ ਇਸ ਸਭਿਆਚਾਰਕ ਸਮਾਗਮ ਵਿਚ ਬਹੁਤ ਸਾਰੇ ਨਾਟਕ ਅਤੇ ਗੀਤ ਪੇਸ਼ ਕੀਤੇ ਗਏ ਸਨ ਪਰੰਤੂ ਇਥੇ ਤਿੰਨ ਚਾਰ ਵਿਸ਼ੇਸ਼ ਨਾਟਕਾਂ ਦਾ ਹੀ ਵਿਆਖਿਆ ਵਿਚ ਵਿਸ਼ਲੇਸ਼ਣ ਕੀਤਾ ਜਾਵੇਗਾ। ਅਮ੍ਰਿਤ-ਸਰ ਨਾਟਕ ਕਲਾ ਕੇਂਦਰ ਨੇ ਪੰਜ ਛੇ ਗੀਤ ਸਮੂਹ ਗਾਨ ਅਤੇ ਐਕਸ਼ਨ ਗੀਤਾਂ ਦੇ ਰੂਪ ਵਿਚ ਪੇਸ਼ ਕੀਤੇ ਸਨ। ਪੰਜਾਬੀ ਰੰਗ ਮੰਚ ਨੰਗਲ ਅਤੇ ਸ਼ਿਵਾਲਕ ਕਲਾ ਕੇਂਦਰ ਤਲਵਾੜਾ ਦੇ ਕਲਾਕਾਰਾਂ ਨੇ 'ਫੈਜ਼' ਦੇ ਦੋ ਬਹੁਤ ਮਸ਼ਹੂਰ ਗੀਤ ਪੇਸ਼ ਕੀਤੇ...'ਇਕ ਖੇਤ ਨਹੀਂ', ਇਕ ਮਿੱਲ ਨਹੀਂ ਅਸੀਂ ਸਾਰੀ ਦੁਨੀਆਂ ਮੰਗਾਂਗੇ।' ਅਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਏਹੀ ਗੀਤ ਮੂਲ ਰੂਪ ਵਿਚ ਪੇਸ਼ ਕੀਤਾ। ਲੋਕ ਸੰਗੀਤ ਮੰਡਲੀ ਭਦੌੜ ਦੇ ਕਲਾਕਾਰ ਗੁਰਚਰਨ ਗੋਪੀ ਨੇ ਇਕ ਗੀਤ ਪੇਸ਼ ਕੀਤਾ ਅਤੇ ਬਾਅਦ ਵਿਚ ਪੰਜਾਬ ਨਾਟਕ ਕਲਾ ਕੇਂਦਰ ਨੇ ਜੋਰਾ ਸਿੰਘ ਨਸਰਾਲੀ ਦਾ ਬਹੁ-ਚਰਚਿਤ ਗੀਤ 'ਹੱਥੀਂ ਫੜ ਕੇ ਸੰਗੀਨਾਂ ਤੂੰ ਦਿੱਲੀਏ, ਡਾਕੇ ਮਾਰੇ ਕਿਰਤਾਂ ਤੇ' ਸਮੂਹ ਗਾਨ ਦੇ ਰੂਪ ਵਿਚ ਪੇਸ਼ ਕੀਤਾ। ਇਸ ਗੀਤ ਵਿਚ ਭਾਰਤ ਦੇ ਮਿਹਨਤ-ਕਸ਼ ਲੋਕਾਂ ਦਾ ਦਿੱਲੀ ਦੀ ਸਰਕਾਰ ਪ੍ਰਤੀ ਰੋਹ ਅਤੇ ਨਫਰਤ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਏ ਗਏ ਸਨ। ਅਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਦੱਖਣੀ ਅਫਰੀਕਾ ਦੀ ਘੱਟ ਗਿਣਤੀ ਦੀ ਗੋਰੀ ਸਰਕਾਰ ਵਲੋਂ ਸ਼ਹੀਦ ਕੀਤੇ ਗਏ ਮਹਾਨ ਇਨਕਲਾਬੀ, ਨੀਗਰੋ ਕਵੀ ਬੈਂਜੇਮਿਨ ਮਲੋਏ ਬਾਰੇ ਸ਼ਿਵਨਾਥ ਦਾ ਗੀਤ 'ਤਰਾਨਾ ਹੋਰ ਗਾਓ' ਪੇਸ਼ ਕੀਤਾ ਅਤੇ ਇਸ ਤੋਂ ਬਾਅਦ ਇਸੇ ਕੇਂਦਰ ਦੇ ਕਲਾਕਾਰਾਂ ਨੇ 'ਆਓ ਫੇਰ ਦੁਹਰਾਈਏ, ਮੌਹੇ ਜੂਝਣ ਕਾ ਚਾਓ ਰੇ' ਗੀਤ ਪੇਸ਼ ਕੀਤਾ।

ਇਸ ਸਮਾਗਮ ਵਿਚ ਸਭ ਤੋਂ ਪਹਿਲਾ ਨਾਟਕ ਅਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਪ੍ਰਸਿੱਧ ਲੋਕ-ਕਵੀ ਮੁਖ਼ਤਿਆਰ ਜ਼ਫ਼ਰ ਵਲੋਂ ਲਿਖੇ ਗਏ ਕਾਵਿ-ਪ੍ਰਸੰਗ 'ਚਿੱਤੂ

ਮਿੱਤ੍ਰ ਦੀ ਲੋਕ ਗਾਥਾ' ਤੇ ਆਧਾਰਤ ਕਾਵਿ-ਨਾਟ ਦੇ ਰੂਪ ਵਿਚ ਪੇਸ਼ ਕੀਤਾ। ਇਸ ਨਾਟਕ ਵਿਚ ਸ਼ਾਹੂਕਾਰਾਂ ਅਤੇ ਸੂਦਖੋਰਾਂ ਵਲੋਂ ਨਿਮਨ ਵਰਗ ਦੀ ਕਿਸਾਨੀ ਦੀ ਅੰਨ੍ਹੀ ਲੁੱਟ ਦਾ ਨਕਸ਼ਾ ਪੇਸ਼ ਕੀਤਾ ਗਿਆ ਹੈ। ਨਿੱਕੇ ਕਿਸਾਨ ਦੀ ਬੇਬਸੀ ਅਤੇ ਕਸ਼ਮਕਸ਼ ਤੋਂ ਗੱਲ ਸ਼ੁਰੂ ਹੁੰਦੀ ਹੈ–ਬੇਬਸੀ ਅਤੇ ਕਸ਼ਮਕਸ਼ ਜਿਹੜੀ ਉਹਦੀ ਅਨਪੜ੍ਹਤਾ ਅਤੇ ਅਗਿਆਨਤਾ ਵਿਚੋਂ ਪੈਦਾ ਹੋਈ ਹੈ। ਨਾਟਕ ਦੇ ਅਖੀਰ ਵਿਚ ਉਸੇ ਕਿਸਾਨ ਨੂੰ ਚੇਤੰਨ ਹੁੰਦਿਆਂ ਅਤੇ ਸੂਦਖੋਰ ਦੀ ਲੁੱਟ ਵਿਰੁੱਧ ਖਾੜਕੂ ਸਟੈਂਡ ਲੈਂਦਿਆਂ ਵੀ ਦਿਖਾਇਆ ਗਿਆ ਹੈ। ਇਸ ਨਾਟਕ ਤੋਂ ਬਾਅਦ ਪ੍ਰਸਿੱਧ ਰੂਸੀ ਲੇਖਕ ਚੈਖਵ ਦੀ ਕਹਾਣੀ 'ਗਿਰਗਿਟ' ਤੇ ਆਧਾਰਤ ਪ੍ਰਸਿੱਧ ਹਿੰਦੀ ਲੇਖਕ ਰਮੇਸ਼ ਉਪਾਧਿਆਏ ਦਾ ਲਿਖਿਆ ਨਾਟਕ ਸ਼ਿਵਾਲਕ ਕਲਾ ਕੇਂਦਰ ਤਲਵਾੜਾ ਵਲੋਂ ਪੇਸ਼ ਕੀਤਾ ਗਿਆ। ਇਸ ਨਾਟਕ ਵਿਚ ਹਾਕਮਾਂ ਦੇ ਝੋਲੀ-ਚੁੱਕਾਂ ਤੋਂ ਪਰਦਾ ਲਾਹਿਆ ਗਿਆ ਹੈ। ਭ੍ਰਿਸ਼ਟ ਅਫਸਰ-ਸ਼ਾਹੀ ਵਿਸ਼ੇਸ਼ ਕਰਕੇ ਪੁਲੀਸ ਅਫਸਰਾਂ ਦਾ ਦੂਹਰਾ (Duplicate Character) ਚਰਿੱਤਰ ਨੰਗਾ ਕੀਤਾ ਗਿਆ ਹੈ। 'ਬਾਜ਼ਾਰ' ਵਿਚ ਇਕ ਆਦਮੀ ਨੂੰ ਕੁੱਤਾ ਵੱਢ ਖਾਂਦਾ ਹੈ। ਉਸ ਵੇਲੇ ਡਿਊਟੀ ਉਪਰਲਾ ਪੁਲਸੀਆ 'ਕੇਸ' ਦੀ ਸਖਤ ਜਾਂਚ ਸ਼ੁਰੂ ਕਰਦਾ ਹੈ ਅਤੇ ਉਨ੍ਹਾਂ ਲੋਕਾਂ ਨੂੰ ਬੁਰਾ ਭਲਾ ਕਹਿੰਦਾ ਹੈ ਜਿਹੜੇ ਆਪਣੇ ਕੁੱਤਿਆਂ ਨੂੰ ਸ਼ਹਿਰ ਵਿਚ ਖੁੱਲ੍ਹਿਆਂ ਛੱਡ ਦਿੰਦੇ ਹਨ। ਭੀੜ ਵਿਚੋਂ ਕੋਈ ਕਹਿ ਦੇਂਦਾ ਹੈ ਕਿ ਕੁੱਤਾ ਜਰਨੈਲ ਦਾ ਹੈ। ਪੁਲਸੀਆ, ਜਿਹੜਾ ਆਪਣੇ ਵਿਚਾਰ ਏਨੀ ਤੇਜ਼ੀ ਨਾਲ ਬਦਲ ਸਕਦਾ ਹੈ ਜਿੰਨੀ ਤੇਜ਼ੀ ਨਾਲ ਗਿਰਗਿਟ ਰੰਗ ਬਦਲਦੀ ਹੈ, ਹੁਣ ਉਸ ਆਦਮੀ ਨੂੰ ਬੁਰਾ ਭਲਾ ਕਹਿਣ ਲੱਗ ਪੈਂਦਾ ਹੈ, ਜਿਸਨੂੰ ਕੁੱਤੇ ਨੇ ਵੱਢ ਖਾਧਾ ਸੀ। ਫੇਰ ਕੋਈ ਕਹਿ ਦਿੰਦਾ ਹੈ ਕਿ ਇਹ ਜਰਨੈਲ ਦਾ ਕੁੱਤਾ ਨਹੀਂ। ਇਸ ਉਤੇ ਪੁਲਸੀਆ ਕਹਿਣ ਲੱਗ ਪੈਂਦਾ ਹੈ ਕਿ ਕੁੱਤੇ ਦੇ ਮਾਲਕ ਨੂੰ ਸਬਕ ਸਿਖਾਉਣਾ ਹੀ ਪਵੇਗਾ। ਸਾਰਾ ਮਾਮਲਾ ਇਸ ਗੱਲ ਉਤੇ ਨਿਰਭਰ ਕਰਦਾ ਹੈ ਕਿ ਕੁੱਤੇ ਦਾ ਮਾਲਕ ਸਮਾਜਕ ਪੌੜੀ ਦੇ ਕਿਹੜੇ ਡੰਡੇ ਤੇ ਖੜਾ ਹੈ; ਜੇ ਉਹ ਉਚੇਰਾ ਹੈ ਤਾਂ ਉਹ ਠੀਕ ਹੈ, ਜੇ ਇਹ ਨੀਵਾਂ ਹੈ ਤਾਂ ਉਸਨੂੰ ਕਚਹਿਰੀ ਲਿਆਂਦਾ ਜਾਵੇਗਾ ਅਤੇ ਉਸ ਉਤੇ ਮੁਕੱਦਮਾ ਚਲਾਇਆ ਜਾਵੇਗਾ। ਇਸ ਤਰ੍ਹਾਂ ਇਸ ਨਾਟਕ ਵਿਚ ਦਿਖਾਇਆ ਗਿਆ ਹੈ ਕਿ ਇਸ ਦੁਨੀਆਂ ਵਿਚ ਸਮਾਜਕ ਰੁਤਬੇ ਦੇ ਅਨੁਸਾਰ ਬੰਦੇ ਦਾ ਸਤਿਕਾਰ ਕੀਤਾ ਜਾਂਦਾ ਹੈ ਜਾਂ ਨਹੀਂ ਕੀਤਾ ਜਾਂਦਾ। ਇਸ ਨਾਟਕ ਵਿਚ ਤਲਵਾੜਾ ਦੇ ਕਲਾਕਾਰ ਮਹੇਸ਼ ਇੰਦਰ ਦਾ ਪੁਲੀਸ ਆਫੀਸਰ ਦੇ ਰੂਪ ਵਿਚ ਰੋਲ ਵਧੀਆ ਸੀ। ਸੁਰਜੀਤ ਗਾਮੀ ਦਾ ਨਿਰਦੇਸ਼ਨ ਵੀ ਠੀਕ ਸੀ। ਕਈ ਥਾਵਾਂ ਤੇ ਨਾਟਕ ਵਿਚ ਲਟਕਾਅ ਦਰਸ਼ਕਾਂ ਤੇ ਬੱਝਵਾਂ ਪ੍ਰਭਾਵ ਨਾ ਪਾ ਸਕਿਆ।

ਇਸ ਨਾਟਕ ਤੋਂ ਪਿਛੋਂ ਫਿਰਕੂ ਅਤੇ ਧਾਰਮਕ ਜਨੂੰਨ ਵਿਰੁਧ ਬਗਾਵਤ ਅਤੇ ਜਮਹੂਰੀ ਸੋਚ ਦਾ ਝੰਡਾ ਬੁਲੰਦ ਕਰਨ ਵਾਲੇ ਮਹਾਨ ਸ਼ਹੀਦ ਸੁਖਰਾਜ ਖੱਦਰ ਦੇ ਪਿਤਾ ਨੂੰ ਸ਼ਹੀਦ ਬਾਰੇ ਜਾਰੀ ਕੀਤੇ ਗਏ ਕਲੰਡਰ ਨਾਲ ਸਨਮਾਨਤ ਕੀਤਾ ਗਿਆ। ਇਸਤੋਂ ਪਿਛੋਂ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਨੇ ਨਾਚ ਨਾਟਕ 'ਮਸ਼ਾਲ' ਪੇਸ਼ ਕੀਤਾ, ਜਿਸ ਵਿਚ ਐਮਰਜੈਂਸੀ ਦੇ ਦਰਬਾਰੀਆਂ ਦੀ ਖੁਸ਼ਾਮਦ ਅਤੇ ਸੱਤਾਧਾਰੀ ਆਗੂਆਂ ਦੇ ਝੋਲੀ-ਚੁੱਕਾਂ ਉਤੋਂ ਪਰਦਾ ਚੁਕਿਆ ਗਿਆ ਹੈ। ਇਸ ਵਿਚ ਕਲਾ ਕੇਂਦਰ ਦੇ ਕਲਾਕਾਰ ਕੇਵਲ

## ਪੱਤਰਕਾਰਾਂ ਨੂੰ ਧਮਕੀਆਂ

ਅਕਾਲ ਤਖ਼ਤ ਸਾਹਮਣੇ ਜੋ 26 ਜਨਵਰੀ ਸਰਬਤ ਖਾਲਸਾ ਕਨਵੈਨਸ਼ਨ ਹੋਈ, ਉਸ ਵਿਚ ਹੋਰ ਰੈਜ਼ੂਲੇਸ਼ਨਾਂ ਦੇ ਨਾਲ ਨਾਲ ਇਕ ਰੈਜ਼ੂਲੇਸ਼ਨ ਵਿਚ ਕੁਝ ਪੱਤਰਕਾਰਾਂ ਦੇ ਨਾਂ ਲੈ ਕੇ ਇਕ ਧਮਕੀ ਭਰੀ ਜ਼ਬਾਨ ਵਰਤੀ ਗਈ ਕਿ ਜੇਕਰ ਉਹ ਅਪਣੀਆਂ ਸਿੱਖ ਵਿਰੋਧੀ ਲਿਖਤਾਂ ਤੋਂ ਬਾਜ਼ ਨਹੀਂ ਆਉਣਗੇ ਤਾਂ ਉਹਨਾਂ ਨੂੰ ਸੋਧਣ ਦੀ ਕਾਰ-ਵਾਈ ਕਰਨੀ ਪਵੇਗੀ। ਇਹ ਬੜਾ ਹੀ ਹੈਂਕੜ ਭਰਿਆ ਤੇ ਫਾਸ਼ੀ ਜ਼ਹਿਨੀਅਤ ਦਾ ਰੈਜ਼ੂਲੇਸ਼ਨ ਹੈ। ਪ੍ਰੈਸ ਵਿਚ ਜੇਕਰ ਕੁਝ ਲਿਖਤਾਂ ਆਉਂਦੀਆਂ ਹਨ, ਜੋ ਦਮਦਮੀ ਟਕਸਾਲ ਵਾਲਿਆਂ ਜਾਂ ਸਿਖ ਸਟੂਡੈਂਟ ਫੈਡਰੇਸ਼ਨ ਵਾਲਿਆਂ ਦੀ ਪਸੰਦ ਦੀਆਂ ਨਹੀਂ ਤਾਂ ਉਹਨਾਂ ਨੂੰ ਸ਼ਕਾਇਤ ਨਹੀਂ ਹੋਣੀ ਚਾਹੀਦੀ, ਕਿਉਂਕਿ ਉਹਨਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹਨਾਂ ਦੀ ਧਿਰ ਨੂੰ ਵੀ ਪ੍ਰੈਸ ਪੂਰੀ ਤਰ੍ਹਾਂ ਥਾਂ ਦੇ ਰਿਹਾ ਹੈ ਤੇ ਉਹਨਾਂ ਦੇ ਬਿਆਨ ਪੂਰੀ ਤਰ੍ਹਾਂ ਛਾਪ ਰਿਹਾ ਹੈ। ਉਹ ਅਪਣਾ ਪੱਖ ਪੂਰੀ ਤਰ੍ਹਾਂ, ਪ੍ਰੈਸ ਵਿਚ ਦੇ ਸਕਦੇ ਹਨ ਅਤੇ ਦੇ ਰਹੇ ਹਨ। ਪ੍ਰੈਸ ਦੀ ਅਜ਼ਾਦੀ ਮੁੱਢਲੇ ਹੱਕਾਂ ਵਿਚ ਸ਼ਾਮਿਲ ਹੈ। ਇਸ ਹੱਕ ਉਤੇ ਛਾਪਾ ਮਾਰਨਾ ਜਾਂ ਪ੍ਰੈਸ ਵਾਲਿਆਂ ਨੂੰ ਧਮਕੀ ਦੇਣਾ ਇਹ ਗ਼ਲਤ ਕਾਰ-ਵਾਈ ਹੈ। ਇਹ ਚੰਗੀ ਗੱਲ ਹੈ ਕਿ ਦੇਸ਼ ਦੀ ਪ੍ਰੈਸ ਕੌਂਸਲ ਨੇ ਇਸ ਰੈਜ਼ੂਲੇਸ਼ਨ ਦਾ ਗੰਭੀਰ ਨੋਟਿਸ ਲਿਆ ਹੈ। ਇਸ ਰੈਜ਼ੂਲੇਸ਼ਨ ਦਾ ਅਕਾਲ ਤਖ਼ਤ ਤੋਂ ਪਾਸ ਹੋਣਾ ਹੋਰ ਵੀ ਦੁਖਦਾਇਕ ਗੱਲ ਹੈ ਕਿਉਂਕਿ ਅਕਾਲ ਤਖ਼ਤ ਦੀ ਨੀਂਹ ਰੱਖਣ ਵਾਲੇ ਛੇਵੇਂ ਗੁਰੂ ਨੇ ਹਰ ਮਨੁੱਖ ਲਈ ਆਜ਼ਾਦੀ ਨਾਲ ਬੋਲਣ ਤੇ ਅਪਣੀ ਗੱਲ ਕਹਿਣ ਦੇ ਹੱਕ ਨੂੰ ਸੁਰਖਸ਼ਤ ਕਰਨ ਲਈ ਇਸ ਤਖ਼ਤ ਦੀ ਨੀਂਹ ਰਖੀ ਸੀ। ਇਸ ਰੈਜ਼ੂਲੇਸ਼ਨ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਏ, ਉਨੀ ਹੀ ਥੋੜੀ ਹੈ।

ਗ.ਸ.

ਧਾਲੀਵਾਲ ਦਾ ਕੰਮ ਪ੍ਰਸ਼ੰਸਾਯੋਗ ਹੈ। ਇਹਤੋਂ ਪਿਛੋਂ ਬਠਿੰਡਾ ਦੇ ਕਲਾਕਾਰ ਜਗਸੀਰ ਅਤੇ ਮਾਛੀਵਾੜਾ ਦੇ ਕਲਾਕਾਰਾਂ ਨੇ ਗੀਤ ਪੇਸ਼ ਕੀਤੇ।

ਪੰਜਾਬ ਨਾਟਕ ਕਲਾ ਕੇਂਦਰ ਦਾ ਨਾਟਕ 'ਓੜਕ ਸਚ ਰਹੀ' ਇਸ ਸਮਾਗਮ ਦੀ ਪ੍ਰਾਪਤੀ ਕਿਹਾ ਜਾ ਸਕਦਾ ਹੈ। ਇਸ ਨਾਟਕ ਵਿਚ ਪੰਜਾਬ ਵਿਚ ਧਰਮ ਅਤੇ ਰਾਜ-ਨੀਤੀ ਦੇ ਗੱਠਜੋੜ ਨਾਲ ਪੈਦਾ ਹੋਈ ਗੁੰਝਲਦਾਰ ਸਿਆਸੀ ਸਥਿਤੀ ਨੂੰ ਬੜੀ ਬੇਕਿਰਕੀ ਅਤੇ ਦਲੇਰੀ ਨਾਲ ਨੰਗਿਆਂ ਕੀਤਾ ਗਿਆ ਹੈ। ਪਿਛਲੇ ਤਿੰਨ ਚਾਰ ਸਾਲਾਂ ਅੰਦਰ ਸਿਖ ਸਿਆਸਤ ਦਾ ਜਿਹੜਾ ਜਲੂਸ ਨਿਕਲਿਆ ਹੈ ਉਸਦਾ ਸਮੁੱਚਾ ਵਿਰਾਟ ਰੂਪ ਤਾਂ ਨਹੀਂ ਦਿਖਾਇਆ ਜਾ ਸਕਦਾ ਪਰੰਤੂ ਇਸ ਜਲੂਸ ਦੀ ਇਕ ਝਲਕ ਜ਼ਰੂਰ ਦਿਖਾ ਦਿੱਤੀ ਗਈ ਹੈ। ਗੁਰਦੁਆਰਿਆਂ, ਡੇਰਿਆਂ ਅਤੇ ਮੰਦਰਾਂ ਵਿਚੋਂ ਹੁਣ ਸਬਕ, ਸੰਤੋਖ ਅਤੇ ਭਾਈਚਾਰਕ ਪ੍ਰੇਮ ਦਾ ਸੰਦੇਸ਼ ਨਹੀਂ ਮਿਲਦਾ, ਇਨ੍ਹਾਂ ਵਿਚੋਂ ਹੁਣ ਫਿਰਕੂ ਅਤੇ ਧਾਰਮਕ ਜਨੂੰਨ ਦੀ ਜ਼ਹਿਰ ਅਤੇ ਨਫਰਤ ਹੀ ਉਗਲੀ ਜਾਂਦੀ ਹੈ। ਇਸ ਨਾਟਕ ਵਿਚ ਇਹ ਦਿਖਾਇਆ ਗਿਆ ਹੈ ਕਿ ਅਜ ਦੀ ਵੀਹਵੀਂ ਸਦੀ ਵਿਚ ਵੀ ਧਰਮ ਦੇ ਠੇਕੇਦਾਰ ਆਪਣੀ ਚੌਧਰ ਅਤੇ ਸੱਤਾ ਕਾਇਮ ਰੱਖਣ ਲਈ ਕਿਵੇਂ ਸਮੇਂ ਸਮੇਂ ਰੰਗ ਬਦਲਦੇ ਰਹਿੰਦੇ ਹਨ—ਉਨ੍ਹਾਂ ਨੇ 'ਧਰਮ-ਯੁਧ' ਨੂੰ ਕਿਵੇਂ ਕੁਰਸੀ ਯੁਧ ਬਣਾਇਆ, ਆਪਣੇ ਦੁਸ਼ਮਣਾਂ ਨਾਲ ਸਮਝੌਤੇ ਕੀਤੇ! ਕੁਰਸੀਆਂ ਦੀ ਲੜਾਈ ਵਿਚ ਉਨ੍ਹਾਂ ਨੇ ਜਿੱਥੇ ਧਰਮ ਨੂੰ ਲਾਹੇਵੰਦ ਸਮਝਿਆ, ਉਥੇ ਧਰਮ ਨੂੰ ਅਗਾਂਹ ਕਰ ਦਿਤਾ --ਇਵੇਂ ਪਿਛਲੇ ਕਾਫੀ ਅਰਸੇ ਤੋਂ ਇਹ ਸ਼ਤਰੰਜ ਵਾਲੀ ਖੇਡ ਚਲਦੀ ਆ ਰਹੀ ਹੈ। ਸਾਡੇ ਲੋਕਾਂ ਵਿਚ ਧਰਮ ਦਾ ਜਿਹੜਾ ਆਧਾਰ ਪਿਆ ਹੈ, ਉਹਨੂੰ ਧਾਰਮਕ ਨੇਤਾ ਆਪਣੀ ਕੁਰਸੀ ਦੀ ਸਲਾਮਤੀ ਲਈ ਵਰਤਣ ਵਿਚ ਖ਼ੂਬ ਕਾਮਯਾਬ ਰਹੇ ਹਨ। ਜਰਮਨੀ ਦੇ ਪ੍ਰਸਿਧ ਨਾਟਕਕਾਰ ਬਰੇਖਤ ਦੀ ਨਾਟਕ ਸ਼ੈਲੀ ਵਿਚ ਪੇਸ਼ ਇਸ ਨਾਟਕ ਵਿਚ ਸਮੇਂ ਦੀ ਪ੍ਰਾਪਤ ਸਮਾਜਕ-ਸਿਆਸੀ ਸਥਿਤੀ ਨੂੰ ਹੂ-ਬ-ਹੂ ਰੰਗ ਵਿਚ ਪੇਸ਼ ਕਰਕੇ ਦਰਸ਼ਕਾਂ ਵਿਚ ਲਾਸਾਨੀ ਢੰਗ ਨਾਲ ਨੰਗਿਆਂ ਕੀਤਾ ਗਿਆ ਹੈ। ਇਹ ਗੱਲ ਹੁਣ ਪੰਜਾਬ ਦੇ ਲੋਕਾਂ ਵਿਚ ਸ਼ਰੇਆਮ ਨੰਗੀ ਹੋ ਗਈ ਹੈ ਕਿ ਸਿਖ ਨੇਤਾਵਾਂ ਅਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਜਿਨ੍ਹਾਂ 'ਧਰਮ ਯੁਧ' ਦੀ ਅਗਵਾਈ ਕੀਤੀ ਸੀ, ਇਹ ਅਸਲ ਵਿਚ 'ਕੁਰਸੀ ਯੁਧ' ਦੀ ਅਗਵਾਈ ਤੋਂ ਸਿਵਾ ਕੁਝ ਨਹੀਂ ਸੀ। ਨਾਟਕ ਵਿਚ ਸੰਤ ਲੌਂਗੋਵਾਲ ਨਾਲ ਉਹਦੇ ਇਕ ਜਥੇਦਾਰ ਨਾਲ ਚਲਦੇ ਵਾਰਤਾਲਾਪ ਤੋਂ ਇਹ ਹਕੀਕਤ ਸਾਫ ਹੋ ਜਾਂਦੀ ਹੈ। ਨਾਟਕ ਕਾਹਲੀ ਵਿਚ ਤਿਆਰ ਕੀਤਾ ਹੋਇਆ ਲਗਦਾ ਸੀ, ਇਸ ਲਈ ਕੁਝ ਥਾਵਾਂ ਤੇ ਲਟਕਾਅ ਜਿਹਾ ਮਹਿਸੂਸ ਹੁੰਦਾ ਸੀ। ਕੁੱਝ ਹੋਰ ਮਿਹਨਤ ਕੀਤੀ ਜਾਵੇ ਤਾਂ ਇਹ ਨਾਟਕ ਹੋਰ ਵੀ ਠੋਸ ਅਤੇ ਸਮੱਗਰ ਰੂਪ ਧਾਰ ਸਕਦਾ ਹੈ। ਫਿਰ ਵੀ ਇਹ ਨਾਟਕ ਇਸ ਸਮਾਗਮ ਦੀ ਸਭ ਤੋਂ ਪ੍ਰਭਾਵਸ਼ਾਲੀ ਪੇਸ਼-ਕਾਰੀ ਕਹੀ ਜਾ ਸਕਦੀ ਹੈ। ਸਾਥੀ ਹੰਸਾ ਸਿੰਘ ਅਤੇ ਕਸਤੂਰੀ ਲਾਲ ਦੇ ਰੋਲ ਵੀ ਵਧੀਆ ਰਹੇ।

ਨਾਟਕਾਂ ਦੀ ਪੇਸ਼ਕਾਰੀ ਦੌਰਾਨ ਹੀ ਪੰਜਾਬ ਦੀਆਂ ਵੱਖ ਵੱਖ ਨਾਟਕ ਮੰਡਲੀਆਂ ਦੇ ਵਧੀਆ ਕਲਾਕਾਰਾਂ ਨੂੰ ਪੰਜਾਬ ਲੋਕ ਸਭਿਆਚਾਰਕ ਮੰਚ ਵਲੋਂ ਸਨਮਾਨਿਤ ਕਰਨ ਦੀ ਰਸਮ ਅਦਾ ਕੀਤੀ ਗਈ। ਸਭ ਤੋਂ ਪਹਿਲਾਂ ਨਾਰੰਗ ਭਵਾਨੀਗੜ੍ਹ (ਵਧੀਆ ਗਾਇਕ) ਨੂੰ ਪਲਸ ਮੰਚ ਵਲੋਂ ਤਿਆਰ ਕੀਤੀ ਟਰਾਫੀ ਦਿਤੀ ਗਈ। ਸਨਮਾਨ ਦੇਣ ਦੀ ਰਸਮ ਗੁਰਸ਼ਰਨ ਭਾ ਜੀ ਨੇ ਅਦਾ ਕੀਤੀ। ਜਿਨ੍ਹਾਂ ਹੋਰ ਕਲਾਕਾਰਾਂ ਨੂੰ ਸਨਮਾਨਤ ਕੀਤਾ ਗਿਆ, ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ-ਪਰਮਜੀਤ ਸਿੰਘ, (ਅੰਮ੍ਰਿਤਸਰ ਨਾਟਕ ਕਲਾ ਕੇਂਦਰ) ਜੋਰਾ ਸਿੰਘ, ਭੈਣ ਸੁਮਨ (ਪੰਜਾਬ ਨਾਟਕ ਕਲਾ ਕੇਂਦਰ), ਕੇਵਲ ਧਾਲੀਵਾਲ, ਸੁਖਦੇਵ, ਸਤਵਿੰਦਰ ਸੋਨੀ (ਅਮ੍ਰਿਤਸਰ ਨਾਟਕ ਕਲਾ ਕੇਂਦਰ), ਤਰਲੋਚਨ ਸਿੰਘ (ਮਾਛੀਵਾੜਾ), ਬਾਲ ਕਲਾਕਾਰ ਰਜਨੀਸ਼, ਮੇਜਰ ਅਤੇ ਪਿਆਰਾ ਸਿੰਘ ਚਾਹਲ। ਇਕ ਢੋਲਕ ਕਲਾਕਾਰ ਨੂੰ ਸਨਮਾਨਤ ਕਰਨ ਦੇ ਨਾਲ 100 ਰੁਪਏ ਨਕਦ ਇਨਾਮ ਵੀ ਦਿਤਾ ਗਿਆ। ਇਸਤੋਂ ਇਲਾਵਾ,ਸਮਾਗਮ ਦੇ ਦੌਰਾਨ ਪਲਸ ਮੰਚ ਵਲੋਂ ਪ੍ਰਕਾਸ਼ਤ 'ਚੋਣਵਾਂ ਪੰਜਾਬੀ ਸਾਹਿਤ 1985', 'ਜੰਗਲ ਦੇ ਵਿਰੁਧ' (ਸੰਪਾਦਕ ਸਾਧੂ ਤੇ ਸੁਖਪਾਲ) ਤੇ ਮੰਚ ਦੇ ਸਾਬਕਾ ਸਕੱਤਰ ਸੁਖਪਾਲ ਦਾ ਕਾਵਿ-ਸੰਗ੍ਰਿਹ 'ਲੋਕ ਕਚਿਹਰੀ' ਰੀਲੀਜ਼ ਕੀਤੇ ਗਏ।

ਲੋਕ-ਕਲਾ ਮੰਚ ਮਾਛੀਵਾੜਾ ਨੇ ਆਪਣਾ ਨਾਟਕ 'ਭਿਖਾਰੀ' ਪੇਸ਼ ਕੀਤਾ, ਜਿਸ ਵਿਚ ਸਾਡੇ ਸਮਾਜ ਵਿਚ ਭਿਖਾਰੀਆਂ ਦੀ ਸਮਸਿਆ ਨੂੰ ਲੈਕੇ ਭਿਖਾਰੀਆਂ ਦੀ ਆਪਣੀ ਇਕ ਵੱਖਰੀ ਦੁਨੀਆਂ ਦਿਖਾਈ ਗਈ ਹੈ—ਸਾਡੇ ਆਪਣੇ ਪਰਿਵਾਰ, ਸਾਡੀ ਆਪਣੀ ਦੁਨੀਆਂ ਤੋਂ ਇਕ ਬਿਲਕੁਲ ਵੱਖਰੀ ਦੁਨੀਆਂ। ਇਕ ਸਾਧਾਰਨ ਇਨਸਾਫ-ਪਸੰਦ ਵਿਅਕਤੀ ਨਹੀਂ ਚਾਹੁੰਦਾ ਕਿ ਸਾਡੇ ਆਲੇ ਦੁਆਲੇ ਇਹੋ ਜਿਹੇ ਅੰਨ੍ਹੇ ਕਾਣੇ, ਲੂਲੇ ਲੰਗੜੇ, ਭੱਦੇ ਅਤੇ ਬਦ-ਸ਼ਕਲ, ਗੰਦੇ ਚੀਥੜੀਆਂ ਵਿਚ ਲਿਪਟੇ ਲੋਕ ਸਾਨੂੰ ਦਿਖਾਈ ਦੇਣ, ਪਰੰਤੂ ਜੇ ਸਾਡੇ ਪੂੰਜੀ-ਪ੍ਰਧਾਨ ਬੇਰਹਿਮ ਸਮਾਜ ਵਿਚ ਇਹ ਸਮਸਿਆ ਪੈਦਾ ਹੋ ਹੀ ਗਈ ਹੈ ਤਾਂ ਇਹਦਾ ਲੇਖਾ ਜੋਖਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਸਾਡੇ ਸਮਾਜ ਦੇ ਗਲਤ ਅਤੇ ਭ੍ਰਿਸ਼ਟ ਆਰਥਕ ਪ੍ਰਬੰਧ ਦੇ ਕਾਰਣ ਭਿਖਾਰੀਆਂ ਦੀ ਸਮਸਿਆ ਇਵੇਂ ਪੈਦਾ ਹੋ ਗਈ ਹੈ, ਜਿਵੇਂ ਰੋਗੀ ਸਰੀਰ ਉਤੇ ਫੋੜੇ ਅਤੇ ਫਿਨਸੀਆਂ ਪੈਦਾ ਹੋ ਜਾਂਦੇ ਹਨ। ਇਹ ਨਾਟਕ ਦੇਖਕੇ ਮਹਿਸੂਸ ਹੁੰਦਾ ਹੈ ਕਿ ਸੰਸਾਰ

ਵਿਚ ਜੇ ਕਿਧਰੇ ਧਰਤੀ ਤੇ ਨਰਕ ਦੇਖਣਾ ਹੋਵੇ ਤਾਂ ਭਾਰਤ ਦੀ ਧਰਤੀ ਤੇ ਗੰਦੀਆਂ ਬਸਤੀਆਂ ਵਿਚ ਇਨ੍ਹਾਂ ਭਿਖਾਰੀਆਂ ਦਾ ਸਮਾਜਕ ਜੀਵਨ ਹੀ ਦੇਖ ਲੈਣਾ ਕਾਫੀ ਹੈ। ਇਨ੍ਹਾਂ ਭਿਖਾਰੀਆਂ ਦਾ ਸਮਾਜ ਵੀ ਕੁੱਝ ਨਿਯਮਾਂ ਅਤੇ ਕਨੂੰਨਾਂ ਅਨੁਸਾਰ ਚਲਦਾ ਹੈ ਭਾਵੇਂ ਇਨ੍ਹਾਂ ਨਿਯਮਾਂ ਅਤੇ ਕਨੂੰਨਾਂ ਦਾ ਸਾਡੇ ਆਪਣੇ ਸਮਾਜ ਨਾਲ ਕੋਈ ਲੈਣ ਦੇਣ ਨਹੀਂ ਹੁੰਦਾ। ਇਵੇਂ ਇਸ ਨਾਟਕ ਵਿਚ ਸਾਨੂੰ ਭਿਖਾਰੀਆਂ ਦੇ ਆਪਣੇ ਸਭਿਆਚਾਰ ਅਤੇ ਆਰਥਕ ਤਾਣੇ ਬਾਣੇ ਦੀ ਝਲਕ ਮਿਲਦੀ ਹੈ।

ਪੰਜਾਬੀ ਰੰਗ-ਮੰਚ ਨੰਗਲ ਵਲੋਂ ਪ੍ਰਸਿਧ ਨਾਟਕਕਾਰ ਸ਼੍ਰੀ ਫੂਲਵੰਤ ਸਿੰਘ ਦੀ ਨਿਰਦੇਸ਼ਨਾ ਹੇਠ ਇਕ ਅਪਰੇਟਾ 'ਮੇਰੀ ਧਰਤੀ ਦੀ ਕਹਾਣੀ ਗੀਤਾਂ ਦੀ ਜ਼ੁਬਾਨੀ' ਪੇਸ਼ ਕੀਤਾ ਕੀਤਾ ਗਿਆ। ਇਹ ਅਪਰੇਟਾ ਪੰਜਾਬੀ ਸਭਿਆਚਾਰ ਦੀ ਹੂ-ਬ-ਹੂ ਝਲਕ ਪੇਸ਼ ਕਰਨ ਦੀ ਇਕ ਕੋਸ਼ਸ਼ ਸੀ। ਪੰਜਾਬੀ ਦੇ ਸ਼ਮੂਹ ਕਿਸਾ ਕਾਵਿ (ਬੁਲ੍ਹ ਸ਼ਾਹ ਦੀਆਂ ਕਾਫੀਆਂ, ਹਾਸ਼ਮ ਦੀ ਸੱਸੀ, ਵਾਰਸ ਸ਼ਾਹ ਦੀ ਹੀਰ ਅਤੇ ਪੀਲੂ ਦੇ ਮਿਰਜ਼ੇ) ਵਿਚੋਂ ਲਏ ਗਏ ਪ੍ਰਸੰਗਾਂ ਤੇ ਆਧਾਰਤ ਗੀਤਾਂ ਦੀ ਪੇਸ਼ਕਾਰੀ ਨੇ ਲੋਕਾਂ ਦਾ ਖੂਬ ਮਨੋਰੰਜਨ ਕੀਤਾ। ਅਪਰੇਟੇ ਦੇ ਪਿਛੋਕੜ ਵਿਚ ਗੀਤ ਪੇਸ਼ ਕਰ ਰਹੇ ਕਲਾ-ਕਾਰ ਦੀ ਸੰਗੀਤਮਈ ਆਵਾਜ਼ ਨੇ ਸਚਮੁਚ ਹੀ ਲੋਕਾਂ ਦਾ ਮਨਮੋਹ ਲਿਆ। ਪਰੰਤੂ ਇਥੇ ਮੈਂ ਇਹ ਜ਼ਰੂਰ ਕਹਾਂਗਾ ਕਿ ਪਲਸ ਮੰਚ ਦੇ ਸਮਾਗਮਾਂ ਦਾ ਉਦੇਸ਼ ਲੋਕਾਂ ਦਾ ਮੰਤਵਹੀਣ ਸਸਤਾ ਮਨ ਪ੍ਰਚਾਵਾ ਕਰਨਾ ਨਹੀਂ—ਇਹੋ ਜਿਹਾ ਹਲਕਾ ਫੁਲਕਾ ਮਨ ਪ੍ਰਚਾਵਾ ਸਰਕਾਰੀ ਸੰਸਥਾਵਾਂ (ਪਬਲਿਕ ਰੀਲੇਸ਼ਨਜ਼ ਵਾਲੇ) ਟੀ.ਵੀ. ਜਾਂ ਵਪਾਰਕ ਫਿਲਮਾਂ ਦੇ ਕਲਾਕਾਰ ਜਾਂ ਨਿਰਮਾਤਾ, ਵਿਆਹ ਸ਼ਾਦੀਆਂ ਵਾਲੇ ਗਾਇਕ ਜੋੜੇ ਕਰ ਹੀ ਰਹੇ ਹਨ-ਲੋਕ-ਪੱਖੀ ਸਭਿਆਚਾਰਕ ਕਾਮਿਆਂ ਦਾ ਇਹ ਕੰਮ ਨਹੀ। ਸਾਡੀ ਕਲਾ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਜਿਥੇ ਇਹਨੇ ਲੋਕਾਂ ਦਾ ਮਨੋਰੰਜਨ ਕਰਨਾ ਹੈ, ਉਥੇ ਕਲਾ ਦਾ ਕਲਿਆਣਕਾਰੀ ਉਦੇਸ਼ ਕਦੇ ਕਦੇ ਵੀ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਇਸ ਸਭਿਆਚਾਰਕ ਸਮਾਗਮ ਵਿਚ ਪ੍ਰਸਿਧ ਹਿੰਦੀ ਲੇਖਕ ਉਪੇਂਦਰ ਨਾਥ ਅਸ਼ਕ ਅਤੇ ਕ੍ਰਾਂਤੀਕਾਰੀ ਕਵੀ ਨੀਲਾਭ (ਅਸ਼ਕ ਜੀ ਦਾ ਸਪੁਤਰ) ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਉਹਨਾਂ ਨੇ ਆਪਣੀਆਂ ਨਜ਼ਮਾਂ ਵੀ ਸੁਣਾਈਆਂ। ਨੀਲਾਬ ਦੀ ਨਜ਼ਮ 'ਹਮ ਸੁਨਹਿਰੇ ਭੱਵਿਖ ਕੀ ਔਰ ਬੜ ਰਹੇ ਹੈਂ' ਦਰਸ਼ਕਾਂ ਨੇ ਬਹੁਤ ਪਸੰਦ ਕੀਤੀ। ਇਸ ਤੋਂ ਪਿਛੋਂ ਅਮ੍ਰਿਤਸਰ ਨਾਟਕ ਕਲਾਂ ਕੇਂਦਰ ਨੇ ਆਪਣਾ ਨਾਟਕ 'ਮੈਂ ਉਗਰਵਾਦੀ ਨਹੀਂ' ਪੇਸ਼ ਕੀਤਾ। ਇਸ ਨਾਟਕ ਬਾਰੇ ਸੰਖੇਪ ਅਤੇ ਵਿਸ਼ੇਸ਼ ਗੱਲ ਇਹ ਹੈ ਕਿ

## ਸਹੀ ਸਿਆਸੀ ਸੰਘਰਸ਼

ਦੇਸ਼ ਵਿਚ ਜਿਥੇ ਇਕ ਪਾਸੇ ਫਿਰਕੂ ਦੰਗਿਆਂ ਦੀਆਂ ਖਬਰਾਂ ਥਾਂ ਥਾਂ ਤੋਂ ਆ ਰਹੀਆਂ ਹਨ, ਦੂਸਰੇ ਪਾਸੇ ਇਹ ਵੀ ਖਬਰਾਂ ਆ ਰਹੀਆਂ ਹਨ ਕਿ ਥਾਂ ਥਾਂ ਤੇ ਲੋਕ ਰੋਜ਼ ਦੀਆਂ ਵਰਤੋਂ ਦੀ ਚੀਜ਼ਾਂ ਦੀ ਵਧ ਰਹੀ ਮਹਿੰਗਾਈ ਵਿਰੁਧ ਅਤੇ ਜਮਹੂਰੀ ਹੱਕਾਂ ਉਤੇ ਵੱਜ ਰਹੇ ਛਾਪਿਆਂ ਦੇ ਵਿਰੁਧ ਰੋਸ ਦੀ ਆਵਾਜ਼ ਉਠਾ ਰਹੇ ਹਨ। ਵਿਰੋਧੀ ਪਾਰਟੀਆਂ ਦਾ ਮਿਲਕੇ ਮਹਿੰਗਾਈ ਵਿਰੁਧ ਸੰਘਰਸ਼ ਲਾਮਬੰਦ ਕਰਨਾ ਇਕ ਸ਼ਲਾਘਾਯੋਗ ਕੰਮ ਹੈ। ਇਸੇ ਤਰ੍ਹਾਂ ਦੇਸ਼ ਭਰ ਦੇ ਸਰਕਾਰੀ ਮੁਲਾਜ਼ਮਾਂ ਦਾ ਧਾਰਾ 311 (1) ਤੇ 311 (2) ਦੇ ਵਿਰੁਧ ਸਾਂਝਾ ਸੰਘਰਸ਼ ਵਿਧਾਨ ਵਿਚ ਦਿਤੇ ਮੁੱਢਲੇ ਅਧਿਕਾਰਾਂ ਦੀ ਰਾਖੀ ਲਈ ਬੜਾ ਜ਼ਰੂਰੀ ਹੈ। ਵਿਧਾਨ ਜਿਥੇ ਇਹ ਹੱਕ ਦੇਂਦਾ ਹੈ ਕਿ ਕਿਸੇ ਵੀ ਸਰਕਾਰੀ ਕਰਮਚਾਰੀ ਨੂੰ ਚਾਰਜਸ਼ੀਟ ਦਿਤੇ ਬਿਨਾਂ ਅਤੇ ਉਹਦਾ ਜਵਾਬ ਲਏ ਬਿਨਾਂ ਨੌਕਰੀ ਤੋਂ ਨਹੀਂ ਕਢਿਆ ਜਾ ਸਕਦਾ, ਉਥੇ ਇਹਨਾਂ ਧਾਰਾਵਾਂ ਦੇ ਰਾਹੀਂ ਇਹ ਹੱਕ ਖੋਹ ਲਿਆ ਗਿਆ ਹੈ। ਆਰਥਕ ਤੇ ਜਮਹੂਰੀ ਮੰਗਾਂ ਦੇ ਦੁਆਲੇ ਜੇਕਰ ਵਿਸ਼ਾਲ ਪੱਧਰ ਤੇ ਘੋਲ ਵਿਢੇ ਜਾਣਗੇ ਤਾਂ ਹੀ ਲੋਕਾਂ ਦਾ ਧਿਆਨ ਭਰਾ ਮਾਰ ਲੜਾਈਆਂ ਤੋਂ ਪਾਸੇ ਦਿਵਾਇਆ ਜਾ ਸਕੇਗਾ।

ਗ.ਸ.

ਇਸ ਵਿਚ ਉਹ ਹਾਲਤਾਂ ਅਤੇ ਵਾਤਾਵਰਣ ਪੇਸ਼ ਕਰਨ ਦੀ ਕੋਸ਼ਸ਼ ਕੀਤੀ ਗਈ ਸੀ ਜਿਸਦੇ ਪ੍ਰਭਾਵ ਹੇਠ ਸਿੱਖ ਯੁਵਕ ਗੁਮਰਾਹ ਹੋਕੇ ਖਾਲਿਸਤਾਨ ਦੀ ਲਹਿਰ ਦਾ ਹਿਮਾਇਤੀ ਬਣਿਆ। ਪੜ੍ਹੇ ਲਿਖੇ ਸਿੱਖ ਯੁਵਕਾਂ ਦੀ ਬੇਕਾਰੀ ਅਤੇ ਬੇਚੈਨੀ ਨੂੰ ਉਗਰਵਾਦ ਦਾ ਮੁਖ ਕਾਰਣ ਦਰਸਾਇਆ ਗਿਆ। ਨਾਟਕ ਦੀ ਪੇਸ਼ਕਾਰੀ ਵਿਚ ਟਕਾਅ ਅਤੇ ਖੜੋਤ ਹੋਣ ਕਾਰਣ ਕਈ ਥਾਵਾਂ ਤੇ ਦਰਸ਼ਕ ਅਕੇਵਾਂ ਮਹਿਸੂਸ ਕਰਦੇ ਰਹੇ—ਭਾਸ਼ਣਾਂ ਨੂੰ ਜ਼ਿਆਦਾ ਸਮਾਂ ਨਹੀਂ ਸੀ ਦੇਣਾ ਚਾਹੀਦਾ। ਨਾਟਕ ਦੀਆਂ ਤਕਨੀਕੀ ਬਾਰੀ-ਕੀਆਂ ਨੂੰ ਛਡਕੇ ਅਸੀਂ ਨਾਟਕ ਦੇ ਵਿਸ਼ੇ ਤੇ ਹੀ ਕੇਂਦਰਤ ਰਹਾਂਗੇ। ਮੇਰੀ ਆਪਣੀ ਰਾਇ ਅਨੁਸਾਰ ਪੰਜਾਬ ਵਿਚ ਉਗਰਵਾਦ ਦਾ ਮੁਖ ਕਾਰਣ ਜਾਂ ਇਉਂ ਕਹਿ ਲਓ ਫੈਸਲਾਕੁਨ ਕਾਰਣ ਸਿੱਖ ਯੁਵਕਾਂ ਵਿਚ ਬੇਕਾਰੀ ਨਹੀਂ ਸੀ। ਪੰਜਾਬ ਵਿਚ ਫਿਰਕੂ ਅਤੇ ਧਾਰਮਿਕ ਜਨੂੰਨ ਵਿਚੋਂ ਪੈਦਾ ਹੋਈ ਦਹਿਸ਼ਤਪ੍ਰਸਤੀ ਨੂੰ ਬੁਨਿਆਦੀ ਰੂਪ ਵਿਚ ਘੋਖਿਆਂ ਸਿੱਖ ਕਿਸਾਨੀ ਵਿਚੋਂ ਜਿਹੜਾ ਸਿੱਖ ਯੁਵਕ ਖਾਲਿਸਤਾਨ ਦੀ ਲਹਿਰ ਦਾ ਸ਼ਿਕਾਰ ਹੋਇਆ, ਉਹਦੀ ਮੁਖ ਸਮਸਿਆ ਬੇਕਾਰੀ ਵਿਚੋਂ ਪੈਦਾ ਹੋਇਆ ਆਰਥਕ ਸੰਕਟ ਨਹੀਂ (ਇਸ ਲਹਿਰ ਦਾ ਇਹ ਇਕ ਟੇਢਾ ਕਾਰਣ

ਜ਼ਰੂਰ ਹੋ ਸਕਦਾ ਹੈ)—ਇਹ ਸਿੱਖ ਯੁਵਕ ਅਸਲ ਵਿਚ ਇਸ ਲਹਿਰ ਵਿੱਚ ਸੱਤਾਧਾਰੀ ਸਿਆਸਤ ਅਤੇ ਚੌਧਰ ਦਾ ਭਾਈਵਾਲ ਹੋਣ ਦੀਆਂ ਉਚੇਰੀਆਂ ਲਾਲਸਾਵਾਂ ਲੈਕੇ ਆਇਆ ਸੀ, ਇਸ ਤਰ੍ਹਾਂ ਇਹ ਗੁੰਝਲਦਾਰ ਸਿਆਸਤ ਨਾਟਕ ਵਿਚ ਪੇਸ਼ ਨਾ ਕੀਤੀ ਜਾ ਸਕੀ ਅਤੇ ਸਮੁੱਚੇ ਤੌਰ ਤੇ ਨਾਟਕ ਦਾ ਪ੍ਰਭਾਵ ਪੇਤਲਾ ਅਤੇ ਇਕ ਪਾਸੜ ਰਹਿ ਗਿਆ। ਅਖੀਰ ਵਿਚ ਦਰਸ਼ਕਾਂ ਦੇ ਮਨ ਵਿਚ ਇਕ ਪ੍ਰਸ਼ਨ ਉਠਦਾ ਹੈ ਕਿ ਜੇ ਇਹ ਸਿੱਖ ਯੁਵਕ ਉਗਰਵਾਦੀ ਨਹੀਂ ਤਾਂ ਫਿਰ ਉਗਰਵਾਦੀ ਕੌਣ ਹੈ ? ਉਂਝ ਵੀ ਅਮ੍ਰਿਤਸਰ ਨਾਟਕ ਕਲਾ ਕੇਂਦਰ ਵਲੋਂ ਪੇਸ਼ ਕੀਤੇ ਗਏ ਕਲਾਸੀਕਲ ਨਾਟਕਾਂ 'ਟੋਆ', 'ਕੋਈ ਹਰਿਆ ਬੂਟ ਰਹਿਓ ਰੀ' ਅਤੇ 'ਬਾਬਾ ਬੋਲਦਾ ਹੈ' ਨਾਲੋਂ ਇਹਦਾ ਪਧੱਰ ਬਹੁਤ ਨੀਵਾਂ ਸੀ। ਉਮੀਦ ਹੈ ਇਸ ਨਾਟਕ ਦਾ ਨਿਰਮਾਤਾ ਇਸ ਨਾਟਕ ਤੇ ਦੁਬਾਰਾ ਗੌਰ ਕਰੇਗਾ। ਇਹ ਤੋਂ ਪਿਛੋਂ 'ਲੋਹੀਆਂ ਨਾਟਕ ਕਲਾ ਕੇਂਦਰ ਵਾਲਿਆਂ ਨੇ 'ਬਾਂਹ ਜਿਨ੍ਹਾਂ ਦੀ ਪਕੜੀਏ, 'ਲੋਕ ਕਲਾ ਮੰਚ ਮਾਣਸਾ' ਨੇ, ਅਜਮੇਰ ਸਿੰਘ ਔਲਖ ਦਾ ਨਾਟਕ 'ਸਿਧਾ ਰਾਹ ਵਿੰਗਾ ਆਦਮੀ', ਗੌਰਮਿੰਟ ਕਾਲਜ ਟਾਂਡਾ ਨੇ 'ਫਾਂਸੀ ਦੇ ਤਖਤੇ ਤੋਂ' ਅਤੇ ਲੋਹੀਆਂ ਨਾਟਕ ਕਲਾ ਕੇਂਦਰ ਨੇ 'ਪਰਖ' ਨਾਟਕ ਪੇਸ਼ ਕੀਤੇ। ਇਸ ਤਰ੍ਹਾਂ ਇਹ ਸਮਾਗਮ ਸਵੇਰ ਦੇ ਛੇ ਵਜੇ ਤਕ ਚਲਦਾ ਰਿਹਾ। ਸਮਾਗਮ ਦੇ ਅਖੀਰ ਵਿਚ ਸ਼ਾਇਰੇ—ਇਨਕਲਾਬ ਜਗਮੋਹਣ ਜੋਸ਼ੀ ਦਾ ਯਾਦਗਾਰੀ ਗੀਤ 'ਐ ਲਾਲ ਫਰੇਰੇ ਤੇਰੀ ਕਸਮ, ਇਸ ਖੂਨ ਕਾ ਬਦਲਾ ਹਮ ਲੇਂਗੇ' ਅਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਨੇ ਐਕਸ਼ਨ ਗੀਤ ਦੇ ਰੂਪ ਵਿਚ ਪੇਸ਼ ਕੀਤਾ। ਇਸ ਗੀਤ ਦੀ ਪੇਸ਼ਕਾਰੀ ਦੀ ਵਿਸ਼ੇਸ਼ ਗਲ ਇਹ ਸੀ ਕਿ ਇਹਦੇ ਵਿਚ ਸਮੂਹ ਦਰਸ਼ਕ ਵੀ ਸ਼ਾਮਲ ਹੋਏ ਸਨ। ਮਿਹਨਤਕਸ਼ ਲੋਕਾਂ ਦਾ ਪਖ ਜਿਸ ਧੜੱਲੇਦਾਰੀ ਨਾਲ ਇਸ ਗੀਤ ਵਿਚ ਪੇਸ਼ ਕੀਤਾ ਗਿਆ, ਸੁਣਕੇ ਇਉਂ ਮਹਿਸੂਸ ਹੋਇਆ ਜਿਵੇਂ ਇਸ ਗੀਤ ਵਿਚ ਸਦੀਆਂ ਤੋਂ ਦੱਬੀ ਕੁਚਲੀ ਮਿਹਨਤਕਸ਼ ਸ਼੍ਰੇਣੀ ਦਾ ਅਥਾਹ ਗੁੱਸਾ ਅਤੇ ਰੋਹ ਭਰ ਦਿਤੇ ਹੋਣ।

---

**ਕਤਲਗਾਹ** (ਸਮਾਜਕ ਪ੍ਰਸੰਗਤਾ ਦੀ ਕਵਿਤਾ)
ਗੁਰਚਰਨ ਰਾਮਪੁਰੀ
ਪੇਜ 106 (ਵੱਡਾ ਸਾਈਜ਼) ਮੁੱਲ 8 ਰੁਪੈ

**ਮੇਰੀ ਉੱਨ**

ਇਹ ਰੌਲਾ ਪੰਥ, ਉੱਮ੍ਰਤ, ਧਰਮ ਦਾ ਰੌਲਾ ਨਹੀਂ ਹੈ
ਮੇਰੀ ਉੱਨ ਦਾ ਹੈ।
ਪ੍ਰਸ਼ਨ ਤਾਂ ਸਿਰਫ਼ ਏਨਾਂ ਹੈ
ਕਿ ਮੈਨੂੰ ਕੌਣ ਮੁੰਨਦਾ ਹੈ ?

ਇਹ ਤਿੱਖੀਆਂ ਕੈਂਚੀਆਂ, ਮੇਰੇ ਦੁਆਲੇ ਨੱਚ ਰਹੀਆਂ ਨੇ,
ਇਹ ਲੋਭੀ ਝੋਲੀਆਂ ਮੇਰੇ ਦੁਆਲੇ ਹੌਂਕ ਰਹੀਆਂ ਨੇ
ਜੋ ਆਫਰ ਕੇ ਵੀ ਭੁੱਖੀਆਂ ਨੇ
ਇਨ੍ਹਾਂ ਦੀ ਭੁੱਖ ਮੇਰੀ ਉੱਨ ਤੇ ਆਕੇ ਨਹੀਂ ਮਿਟਦੀ
ਲਹੂ ਤੇ ਮਾਸ ਵੀ ਮੇਰਾ ਇਨ੍ਹਾਂ ਦੀ ਨਜ਼ਰ ਦੇ ਵਿਚ ਹੈ।
ਹੁਣੇ ਮੈਂ ਸੋਚਿਆ ਹੈ
ਕਿ ਇਨ੍ਹਾਂ ਖਾਤਰ ਬਲੀ ਚੜ੍ਹਨੋਂ ਚੰਗੇਰਾ ਹੈ
ਇਹਨਾਂ ਦੀ ਖੇਡ ਨੂੰ ਸਮਝਾਂ
ਮੈਂ ਅਪਣੀ ਭੇਡ ਖੁਦ ਮਾਰਾਂ
ਤੇ ਸ਼ੇਰਾਂ ਨੂੰ ਕੋਈ ਮੁੰਨਦਾ ਨਹੀਂ ਹੈ।
o

**ਚਾਂਦੀ ਨਗਰ ਤੇ ਪਰਿੰਦਾ** (ਲੰਮੀ ਕਵਿਤਾ)
ਜਗਤਾਰ ਢਾਅ (ਇਕ ਪਰਵਾਸੀ ਕਵੀ ਦੀ ਪੀੜ)

ਜਦੋਂ ਢਿੱਡ ਖਾਲੀ ਸੀ
ਖੰਭਾਂ 'ਚ ਤਾਣ ਬੜਾ ਸੀ
ਉੱਡ ਉੱਡ ਚੋਗ ਚੁਗਣ ਦਾ
ਦਿਲ ਵਿਚ ਅਰਮਾਨ ਬੜਾ ਸੀ
ਪਰ ਜਦੋਂ ਦਾ ਢਿੱਡ ਭਰਿਆ ਹੈ
ਖੰਭਾਂ ਦਾ ਤਾਣ ਮਰਿਆ ਹੈ
ਕਿ ਤਪਦੀ ਹਿੱਕ ਦੇ ਅੰਦਰ
ਉਡਣ ਦਾ ਚਾਅ ਠਰਿਆ ਹੈ
ਖੰਭਾਂ ਦੇ ਹੁੰਦਿਆਂ ਸੁੰਦਿਆਂ
ਹੁਣ ਮੈਂ ਉਡ ਨਹੀਂ ਸਕਦਾ, ਸਫੇ 88 ਕੀਮਤ 5/-

---

**ਕਵਿਤਾ ਪੰਜਾਬ :** ਸੰਪਾਦਕ ਪ੍ਰਮਿੰਦਰ ਜੀਤ

ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬ ਸੁਲਘ ਰਿਹਾ ਹੈ। ਅਜੋਕੀ ਸ਼ਾਇਰੀ ਸੋਚਾਂ ਦੇ ਇਨ੍ਹਾਂ ਜ਼ਖ਼ਮਾਂ ਦੀ ਸ਼ਾਇਰੀ ਹੈ। ਇਸ ਸ਼ਾਇਰੀ ਵਿਚ ਸ਼ਾਇਰਾਂ ਨੇ ਵਿਰਲਾਪ ਗਾਇਆ ਹੀ ਨਹੀਂ, ਹੰਢਾਇਆ ਵੀ ਹੈ। 'ਪਹੁੰਚੇ ਹਾਂ ਇਸ ਮੁਕਾਮ ਤੇ' ਪੁਸਤਕ ਦੀ ਇਹ ਅਗਲੀ ਕੜੀ ਹੈ। ਇਸ ਵਿਚ ਇਸ ਦੌਰ ਦੀ ਪੰਜਾਬ ਕਵਿਤਾ ਨੂੰ ਇਕੱਠਾ ਕੀਤਾ ਗਿਆ ਹੈ। ਸਫੇ 112 ਮੁਲ 5/-

---

**ਲੋਕ ਸੱਥ :** ਬਰਤਾਨੀਆ ਵਿਚ ਵਸਦੇ ਹੋਏ ਉਹਨਾਂ ਕਵੀਆਂ ਦੀਆਂ ਕਵਿਤਾਵਾਂ ਦਾ ਸੰਗ੍ਰਿਹ ਜੋ ਬੁਲੰਦ ਹੌਸਲ ਨਾਲ ਫਿਰਕਾਪ੍ਰਸਤੀ ਦੇ ਖਿਲਾਫ ਲੜ ਰਹੇ ਹਨ ਤੇ ਪੰਜਾਬ ਦੇ ਮਹਾਨ ਲੌਕਿਕ ਵਿਰਸੇ ਦੀ ਵਤਨੋਂ ਦੂਰ ਬੈਠੇ ਹੀ ਰਾਖੀ ਕਰ ਰਹੇ ਹਨ।

ਸੰਗ੍ਰਿਹ ਕਰਤਾ : ਲੋਕ ਸੱਥ ਬਰਤਾਨੀਆ, 48, ਰਾਉਲੇ ਗਰੀਨ ਲੇਨ ਲਾਂਗ ਫੋਰਡ ਕਵੈਂਟਰੀ, ਇੰਗਲੈਂਡ। ਸਫੇ 96, ਮੁਲ 5/-

ਕਹਾਣੀ

# ਬੁਖ਼ਾਰੀ/ਨਰੇਂਦਰ ਨਿਰਮੋਹੀ

ਅਨੁਵਾਦਕ : ਤਰਸੇਮ 'ਰਾਣਾ'

ਸਾਨੂੰ 'ਫਾਲਇਨ' ਕੀਤਾ ਗਿਆ।

ਮੈਦਾਨ ਵਿਚ ਖੜੇ ਰਹਿ ਸਕਣਾ ਬਹੁਤ ਮੁਸ਼ਕਲ ਹੋ ਰਿਹਾ ਸੀ। ਕੁੱਝ ਜਵਾਨ ਏਧਰ-ਉਧਰ ਪਏ ਪੱਥਰਾਂ ਤੋਂ ਬਰਫ਼ ਹਟਾ ਕੇ ਉਨ੍ਹਾਂ 'ਤੇ ਬੈਠ ਗਏ ਸਨ। ਇਸ ਸਮੇਂ ਬੁਲਾਏ ਜਾਣ ਦਾ ਕਾਰਨ ਸਪੱਸ਼ਟ ਸੀ, ਕਿੰਤੂ ਕਾਰਵਾਈ ਕੀ ਹੋਵੇਗੀ ? ਅਨੁਮਾਨ ਹੀ ਲਗਾਇਆ ਜਾ ਸਕਦਾ ਸੀ, ਨਿਸਚਿਤ ਰੂਪ 'ਚ ਕੁੱਝ ਵੀ ਕਹਿ ਸੱਕਣਾ ਸੰਭਵ ਨਹੀਂ ਸੀ, ਘਮਸਾਨ ਦੀ ਲੜਾਈ ਦੇ ਬਾਅਦ ਜਿੱਤੀ ਹੋਈ ਦੁਸ਼ਮਣ ਦੀ ਚੌਂਕੀ ਦੀ ਤਰ੍ਹਾਂ।

ਕੈਪਟਨ ਸਾਹਿਬ ਨੂੰ ਦੂਰੋਂ ਆਉਂਦਾ ਦੇਖ, ਅਸੀਂ ਸਾਰੇ ਆਪਣੀ ਆਪਣੀ ਜਗ੍ਹਾ ਤੋਂ ਉੱਠ ਕੇ ਕਤਾਰਾਂ 'ਚ ਖੜੇ ਹੋ ਗਏ। 'ਸਾਵਧਾਨ-ਵਿਸ਼ਰਾਮ' ਤੋਂ ਬਾਅਦ ਨੈਬ ਸੂਬੇਦਾਰ ਨੇ ਸਲੂਟ ਮਾਰਿਆ ਅਤੇ ਕੈਪਟਨ ਨੇ ਹੱਥ 'ਚ ਫੜੇ ਪੁਲੰਦੇ ਨੂੰ ਬਗਲ 'ਚ ਦਬਾਉਂਦੇ ਹੋਏ ਬੈਠਣ ਦਾ ਇਸ਼ਾਰਾ ਕੀਤਾ।

"ਬਾਵਜੂਦ ਇਤਨੀ ਠੰਢ ਕੇ ਸੁਬੇ-ਸੁਬੇ ਬੁਲਾਨੇ ਕਾ ਕਾਰਨ ਤੁਮ ਲੋਗ ਸਮਝ ਹੀ ਗਏ ਹੋਂਗੇ। ਕੱਲ੍ਹ ਜੋ ਅਨਹੋਨੀ ਹੂਈ ਹੈ, ਉਸ ਨੇ ਹਮਾਰੀ ਯੂਨਿਟ ਕੋ ਕਲੰਕਿਤ ਕੀਆ ਹੈ। ਹਮਾਰੀ ਯੂਨਿਟ ਅਨੁਸਾਸ਼ਨ ਤਥਾ ਦੇਸ਼-ਭਗਤੀ ਕੇ ਲੀਏ ਪੂਰੀ ਬ੍ਰਿਗੇਡ ਮੇਂ ਮਸ਼ਹੂਰ ਰਹੀ ਹੈ। ਆਜ ਏਕ ਜਵਾਨ ਕੀ ਨਾ ਸਮਝੀ ਕੇ ਕਾਰਨ ਕਿਸ ਕਦੇਰ ਬਦਨਾਮ ਹੂਈ ਹੈ;ਉਸ ਕਾ ਅੰਦਾਜ਼ਾ ਤੁਮ ਲੋਗ ਨਹੀਂ ਲਗਾ ਸਕਤੇ। ਮੇਜਰ ਸਾਹਿਬ ਕਾ ਕਤਲ, ਵੋਹ ਭੀ ਦਿਨ-ਦਿਹਾੜੇ, ਪੂਰੀ ਯੂਨਿਟ ਕੋ ਦਹਿਲਾ ਦੇਨੇ ਵਾਲੀ ਘਟਨਾ ਹੈ। ਯੇਹ ਸਭ ਏਕ ਸਾਜ਼ਿਸ਼ ਕੇ ਤਹਿਤ ਹੂਆ ਹੈ। ਹੈਰਾਨੀ ਕੀ ਬਾਤ ਹੈ ਕਿ ਵੋ ਵਰਸ਼ੋਂ ਤੁਮ ਲੋਗੋਂ ਕੇ ਬੀਚ ਰਹਾ, ਫਿਰ ਭੀ ਤੁਮ ਯੇਹ ਨਾ ਜਾਨ ਸਕੇ ਕਿ ਵੋਹ ਕਿਸੀ ਖਾਸ ਗਰੋਹ ਕੇ ਲੀਏ ਕਾਮ ਕਰਤਾ ਥਾ ਯੇਹ ਸਰਾਸਰ ਝੂਠ ਹੈ ਕਿ ਮੇਜਰ ਸਾਹਬ ਉਸੇ ਬਾਤ ਬਾਤ ਪਰ ਤੰਗ ਕਰਤੇ ਰਹਤੇ ਥੇ ਯਾ ਕਿ ਉਸਨੇ ਦਰਬਾਰ ਮੇਂ ਇਸ ਬਾਤ ਕੀ ਸ਼ਿਕਾਇਤ ਕੀ ਥੀ ਕਿ ਹਮ ਸੇ ਬੇਗਾਰ ਲੀ ਜਾਤੀ ਹੈ ਔਰ ਅਨੁਸ਼ਾਸਨ ਕੇ ਨਾਮ ਪਰ ਤੰਗ ਕੀਆ ਜਾਤਾ ਹੈ ਔਰ ਇਸ ਸੇ ਚਿੜ ਕਰ ਹੀ ਮੇਜਰ ਸਾਹਿਬ ਨੇ ਉਸੇ ਬਾਦ ਮੇਂ ਅਠਾਈਸ ਦਿਨ ਕੀ ਕੁਆਰਟਰ ਗਾਰਡ ਦੀ ਥੀ ਯਾਕਿ ਉਸ ਕੀ ਛੁੱਟੀ ਜਾਨ-ਬੂਝ ਕਰ ਨਾ-ਮਨਜ਼ੂਰ ਕਰ ਦੀ ਗਈ ਥੀ...ਅਸਲੀਅਤ ਤੋ ਯੇਹ ਹੈ ਕਿ ਮੇਜਰ ਸਾਹਿਬ ਉਸ ਕੀ ਪੂਰੀ ਗਤੀ-ਵਿਧੀ ਪਰ ਨਜ਼ਰ ਰੱਖੇ ਹੂਏ ਥੇ ਔਰ ਵੋਹ ਉਸੇ ਰੰਗੇ ਹਾਥੋਂ ਪਕੜਨਾ ਚਾਹਤੇ ਥੇ। ਉਸੇ 'ਆਊਟ-ਪਾਸ' ਦੇਨੇ ਯਾ ਯੂਨਿਟ ਸੇ ਬਾਹਰ ਜਾਨੇ ਦੇਨੇ ਸੇ ਕੁਛ ਕਾ ਕੁਛ ਹੋ ਸਕਤਾ ਥਾ। ਜੈਸੇ ਹੀ ਉਸੇ ਸਪਸ਼ਟ ਹੋ ਗਯਾ ਕਿ ਅਬ ਬਚ ਕਰ ਭਾਗ ਨਿਕਲਨਾ ਕਿਸੀ ਭੀ ਤਰ੍ਹਾ ਸੰਭਵ ਨਹੀਂ ਤੋ ਉਸ ਨੇ ਰਾਸਤੇ ਕਾ ਰੋੜਾ ਹਟਾਨੇ ਕੀ ਸੋਚੀ...ਬਾਤੇਂ ਤੋ ਬਹੁਤ ਹੈਂ, ਜਿਨ੍ਹੇ ਬਤਾਨੇ ਕੇ ਲੀਏ ਫਿਲਹਾਲ ਸਮਯ ਨਹੀਂ।" ਕੈਪਟਨ ਬੋਲਦਿਆਂ-ਬੋਲਦਿਆਂ ਰੁਕਿਆ ਤੇ ਕਾਗਜ਼ਾਂ ਨੂੰ ਉਲਟ-ਪੁਲਟ ਕਰਨ ਲੱਗਾ।

"ਅਭੀ ਕੁਛ ਦੇਰ ਬਾਦ ਬ੍ਰਿਗੇਡੀਅਰ ਸਾਹਿਬ ਫਲਾਈਟ ਸੇ ਆਨੇ ਵਾਲੇ ਹੈਂ। ਅਪਨੇ ਅਪਨੇ ਟੈਂਟੋਂ ਮੇਂ ਜਾਕਰ ਸਾਮਾਨ ਕਰੀਨੇ ਸੇ ਸੁਜਾ ਲੋ ਔਰ ਬਾਰਹ ਬਜੇ ਫਿਰ ਯਹੀਂ ਇਕੱਠੇ ਹੋਨਾ। ਮੇਜਰ ਸਾਹਿਬ ਕੋ ਸੈਨਿਕ ਸਨਮਾਨ ਦੀਆ ਜਾਏਗਾ...ਨਾਇਕ ਪਰਵੇਜ਼,ਲਾਸ-ਨਾਇਕ ਸਜਵਾਣ, ਸਿਪਾਹੀ ਰਾਜ ਬਹਾਦੁਰ, ਸ਼ਿਰਿੰਗ ਦੋਰਜੇ ਤਥਾ ਰਾਮ ਸਿੰਘ ਦਸ ਮਿੰਨਟ ਬਾਦ ਦਫ਼ਤਰ ਮੇਂ ਹਾਜ਼ਰ ਹੋਂਗੇ।" ਕਹਿੰਦਿਆਂ ਹੋਇਆਂ ਕੈਪਟਨ ਨੇ ਕਾਗਜ਼ਾਂ ਦਾ ਪੁਲੰਦਾ ਹੱਥਾਂ 'ਚ ਲਿਆ ਤੇ ਤੇਜ਼-ਤੇਜ਼ ਕਦਮਾਂ ਨਾਲ ਦਫਤਰ ਵੱਲ ਚੱਲ ਪਿਆ।

ਅਸੀਂ ਅਜੀਬ ਜਿਹਾ ਅਹਿਸਾਸ ਲੈ ਵਾਪਸ ਮੁੜ ਰਹੇ ਸਾਂ। ਨਾਲ ਹੁੰਦੇ ਹੋਏ ਵੀ, ਨਾ ਹੋਣ ਦੀ ਦਹਿਸ਼ਤ ਝੱਲਦਿਆਂ ਹੋਇਆਂ, ਨਾ ਪਹਿਲਾਂ ਵਾਂਗ ਮੁਸਕਰਾ ਰਹੇ ਸਾਂ, ਨਾ ਹੀ ਗੱਲਬਾਤ ਕਰ ਰਹੇ ਸਾਂ। ਇੰਝ ਲੱਗ ਰਿਹਾ ਸੀ ਜਿਵੇਂ ਆਪਣੀ ਹੀ ਅਰਥੀ ਵਿਚ ਖ਼ੁਦ ਸ਼ਰੀਕ ਹਾਂ। ਕੜਾਕੇ ਦੀ ਠੰਢ ਵੀ ਪੋਂਹਦੀ ਨਹੀਂ ਸੀ। ਸਾਡੇ ਸਾਰਿਆਂ ਦੇ ਚਿਹਰਿਆਂ 'ਤੇ ਦੁੱਖ, ਸ਼ੋਕ, ਦਹਿਸ਼ਤ, ਉਕਤਾਹਟ ਅਤੇ ਦਇਆ ਦੇ ਮਿਲੇ-ਜੁਲੇ ਪ੍ਰਭਾਵ ਸਨ। ਦਿਲੋ-ਦਿਮਾਗ ਵਿਚ ਅਜੀਬੋ-ਗਰੀਬ ਉੱਥਲ-ਪੁੱਥਲ ਸੀ। ਮਨ ਲੱਖ ਕੋਸ਼ਿਸ਼ ਕੀਤਿਆਂ ਵੀ ਮੰਨਣੋਂ ਇਨਕਾਰੀ ਸੀ ਕਿ ਇਸ ਮਾਹੌਲ ਰਾਹੀਂ ਸਾਡੇ ਅੰਦਰ ਅਨੁਸ਼ਾਸਨ ਦੇ ਨਾਂ ਹੇਠ ਗੁਲਾਮੀ ਦੀ ਭਾਵਨਾ ਭਰੀ ਜਾ ਰਹੀ ਹੈ, ਸਹੀ-ਗਲਤ ਦੀ ਪਹਿਚਾਣ ਤੋਂ ਵਿਰਵੇ ਕੀਤਾ ਜਾ ਰਿਹਾ ਹੈ, ਵਰਨਾ ਸਚਾਈ ਨੂੰ ਜਾਣਦਿਆਂ ਹੋਇਆਂ ਵੀ ਇਕ ਨਵੀਂ ਸਾਜ਼ਿਸ਼ ਦੀ ਹੁਣੇ ਹੁਣੇ ਨੀਂਹ ਰੱਖੀ ਗਈ ਹੈ; ਇਸ ਦੇ ਵਿਰੁੱਧ ਸਾਡੇ 'ਚੋਂ ਇੱਕ ਵਿਅਕਤੀ ਵੀ ਸਿਰ ਕਿਉਂ ਨਹੀਂ ਉਠਾ ਸਕਿਆ ? ਕੈਪਟਨ ਸਾਹਬ ਨੇ ਜੋ ਕਿਹਾ, ਕੀ ਉਹ ਸੱਚ ਹੈ ? ਨਹੀਂ... ਨਹੀਂ... ਮਨ ਚੀਖ-ਚੀਖ ਕੇ ਕਹਿਣਾ ਚਾਹੁੰਦਾ ਸੀ, ਲੇਕਿਨ ਦਿਮਾਗ ਕਰਾਲਿੰਗ, ਪੰਦਰਾਂ ਮੀਲ ਦੀ ਰੇਸ, ਕੁਆਰਟਰ-ਗਾਰਡ, ਕੋਰਟ-ਮਾਰਸ਼ਲ ਦਾ ਭੈਅ ਤੇ ਘਰ ਬਰਬਾਦ ਹੋ ਜਾਣ ਦੀ ਕਲਪਨਾ ਤੋਂ ਹੀ ਕੰਬ ਰਿਹਾ ਸੀ।

ਜਦੋਂ ਮੇਜਰ ਸਾਹਿਬ ਨੂੰ ਸੈਨਿਕ ਸਨਮਾਨ ਦਿੱਤਾ

ਜਾ ਰਿਹਾ ਸੀ; ਉਹਦੀ ਨਜ਼ਰ ਮੁੜ-ਮੁੜ ਮੇਜਰ ਸਾਹਿਬ ਦੇ ਪੱਥਰ ਸਰੀਰ ਤੋਂ ਤਿਲਕਦੀ ਹੋਈ ਯੂਨਿਟ ਦੇ ਸਾਰੇ ਜਵਾਨਾਂ ਦੇ ਚਿਹਰਿਆਂ ਉਤੇ ਆ ਖਲੋ ਜਾਂਦੀ। ਸਾਰਿਆਂ ਦੇ ਚਿਹਰਿਆਂ ਉਤੇ ਅਥਾਹ-ਪੀੜਾ ਦੇ ਭਾਵ ਸਨ। ਨਜ਼ਰਾਂ ਇਕ ਦੂਸਰੇ ਦਾ ਸਾਹਮਣਾ ਕਰਨ ਲਈ ਖ਼ੁਦ ਨੂੰ ਅਸਮਰਥ ਮਹਿਸੂਸ ਕਰ ਰਹੀਆਂ ਸਨ। ਕਿਸੇ ਨਜ਼ਰ ਦੇ ਬੱਸ ਇਸ਼ਾਰੇ ਭਰ ਦੀ ਜ਼ਰੂਰਤ ਸੀ, ਉਹ ਆਕਰੋਸ਼ ਦੀ-ਅੱਗ 'ਚ ਮੱਚਦਾ ਹੋਇਆ ਲਾਈਨ ਤੋਂ ਬਾਹਰ ਆ ਬ੍ਰਗੇਡੀਅਰ ਸਾਹਿਬ ਨੂੰ ਸਾਫ਼-ਸਾਫ਼ ਕਹਿ ਦਿੰਦਾ ਕਿ ਸਾਬ੍ਹ! ਹਰ ਛੋਟਾ ਸਾਹਬ ਵੱਡੇ ਸਾਹਬ ਦੇ ਸਾਹਮਣੇ ਸਚਾਈ ਨੂੰ ਇਕ ਛੜਯੰਤਰ ਦੇ ਰੂਪ 'ਚ ਪੇਸ਼ ਕਰਦਾ ਹੈ। ਹਰ ਵੱਡਾ ਸਾਹਬ ਇਸ ਛੜ-ਯੰਤਰ ਨੂੰ ਜਾਣਦੇ ਹੋਏ ਵੀ ਅਨਜਾਣ ਬਣੇ ਰਹਿਣ ਦਾ ਢੌਂਗ ਰਚਦਾ ਹੈ ਕਿਉਂਕਿ ਉਹ ਵੀ ਤਾਂ, ਉਹੀ ਪੌੜੀਆਂ ਚੜ੍ਹਦਾ ਹੋਇਆ ਮੰਜ਼ਿਲ ਤੱਕ ਪਹੁੰਚਦਾ ਹੈ। ਅੱਜ ਹੀ ਇਨ੍ਹਾਂ ਨੂੰ ਇਹ ਅਹਿਸਾਸ ਕਿਉਂ ਹੋਇਆ ਕਿ ਸਾਡੇ ਗੁੰਮਰਾਹ ਜਵਾਨ ਨੇ ਸਿਰਫ਼ ਮੇਜਰ ਸਾਹਿਬ ਦਾ ਹੀ ਕਤਲ ਨਹੀਂ ਕੀਤਾ ਬਲਕਿ ਬੇਕਸੂਰ ਪਰਿਵਾਰ ਨੂੰ ਅਨਾਥ ਬਣਾਇਆ ਹੈ। ਮੇਜਰ ਸਾਹਿਬ ਦੇ ਅੰਦਰਲੇ ਦੇਸ਼-ਭਗਤ ਤੇ ਕਰਤੱਵ-ਮਾਲਕ ਆਦਮੀ ਨੂੰ ਕਤਲ ਕੀਤਾ ਹੈ। ਏਥੇ ਜੋ ਕੁੱਝ ਹਰ ਰੋਜ਼ ਹੋ ਰਿਹੈ, ਉਸ ਤੋਂ ਨਜ਼ਰਾਂ ਕਿਉਂ ਚੁਰਾਈਆਂ ਜਾ ਰਹੀਆਂ ਹਨ? ਕੀ ਤੁਸੀਂ ਇਸ ਯੂਨਿਟ ਦੇ ਪਿਛਲੇ ਵਰ੍ਹਿਆਂ ਦਾ ਇਤਿਹਾਸ ਜਾਣਦੇ ਹੋ?

ਜਦ 'ਸਲੋਪ ਆਫ ਆਰਮਜ਼' (ਉਲਟਾ ਸੀਸ-ਸ਼ਾਸਤਰ) ਹੋ ਰਿਹਾ ਸੀ, ਉਹਦੇ ਲਈ ਖੜ੍ਹੇ ਰਹਿ ਸਕਣਾ ਦੁੱਭਰ ਹੋ ਰਿਹਾ ਸੀ। ਉਹਨੂੰ ਆਪਣੇ ਛੋਟੇਪਨ ਦਾ ਅਹਿਸਾਸ ਵਲੂੰਧਰ ਰਿਹਾ ਸੀ। ਆਤਮਾ ਵਿਚ ਕਹਿਰਾਂ ਦਾ ਉਤਰਾਅ-ਚੜ੍ਹਾਅ ਸੀ। ਇਕ ਪਲ ਲਈ ਉਹ ਆਪਣੇ ਆਪ ਨੂੰ ਰਵੀ ਦੇ ਨਾਲ ਖਲੋਤਾ ਮਹਿਸੂਸ ਕਰ ਰਿਹਾ ਸੀ, ਦੂਜੇ ਹੀ ਪਲ ਉਹਨੂੰ ਲੱਗਦਾ ਕਿ ਉਹ ਕਿਸੇ ਦੁਕਾਨ 'ਚ ਖਲੋਤਾ ਆਪਣੇ ਬੱਚਿਆਂ ਲਈ ਖਿਡੌਣੇ-ਮਠਿਆਈਆਂ ਖਰੀਦ ਰਿਹਾ ਹੈ...

ਆਪਣੇ-ਆਪਣੇ ਟੈਂਟਾਂ 'ਚ ਜਾਣ ਦੀ ਥਾਂ ਅਸੀਂ ਸਾਰੇ ਇਕੋ ਹੀ ਟੈਂਟ 'ਚ ਦਾਖਲ ਹੋਏ। ਸਵੇਰ ਤੋਂ ਹੀ ਮਨ 'ਤੇ ਛਾਏ ਹੋਏ ਜਾਨ-ਲੇਵਾ ਸੰਨਾਟੇ ਨੂੰ ਹਰ ਕੋਈ ਤੋੜਨਾ ਚਾਹੁੰਦਾ ਸੀ, ਲੇਕਿਨ ਇਕ ਝਿਜਕ ਸੀ, ਕੁੱਝ ਉਸੇ ਤਰ੍ਹਾਂ ਦੀ ਜਿਵੇਂ ਕਿਸੇ ਵਿਅਕਤੀ ਨੂੰ ਅਸੀਂ ਵਰ੍ਹਿਆਂ ਤੋਂ ਜਾਣਦੇ ਹੋਈਏ ਤੇ ਆਪਣੀ ਤਕਲੀਫ ਦੱਸਣਾ ਚਾਹੁੰਦੇ ਹੋਏ ਵੀ, ਇਸ ਅਹਿਸਾਸ ਤੋਂ ਜਕੜੇ ਹੋਈਏ ਕਿ ਸਾਡੀ ਤਕਲੀਫ ਕੀ ਵਾਕਿਆ ਹੀ ਏਨੀ ਵੱਡੀ ਹੈ ਕਿ ਇਸ ਤਰ੍ਹਾਂ ਸਾਰਿਆਂ ਦੇ ਸਾਹਮਣੇ ਬਿਆਨ ਕੀਤੀ ਜਾਏ? ਬੁੱਲ੍ਹਾਂ ਵਿਚ ਹਲਕੀ ਜਿਹੀ ਜੁੰਬਸ਼ ਹੁੰਦੀ ਤੇ ਫਿਰ ਬੁੱਲ੍ਹ ਜਕੜੇ ਜਾਂਦੇ। ਵਿਸ਼ਵਾਸ ਅਵਿਸ਼ਵਾਸ ਦੇ ਵਿਚਾਲੇ ਇਕ ਦਵੰਧ ਛਿੜਿਆ ਹੋਇਆ ਸੀ।

ਟੈਂਟ ਦੇ ਅੰਦਰ ਬੁਖਾਰੀ ਹੌਲੀ-ਹੌਲੀ ਬਲਣੀ ਸ਼ੁਰੂ ਹੋ ਗਈ ਸੀ। ਬੁਖਾਰੀ ਦੇ ਇਰਦ-ਗਿਰਦ ਹੱਥ ਹੀ ਹੱਥ ਸਨ, ਆਪਣੇ ਆਪ ਨੂੰ ਗਰਮਾਉਣ ਦੀ ਕੋਸ਼ਿਸ਼ ਵਿਚ ਮਸਰੂਫ਼। ਕੁੱਝ ਦੀਆਂ ਨਜ਼ਰਾਂ ਛੱਤ ਵੱਲ ਕੇਂਦਰਿਤ ਸਨ, ਕੁੱਝ ਦੀਆਂ ਜ਼ਮੀਨ ਉਪਰ ਤੇ ਕੁੱਝ ਦੀਆਂ ਨਜ਼ਰਾਂ ਛੱਤ ਅਤੇ ਜ਼ਮੀਨ ਤੋਂ ਵੀ ਘੁੰਮਦੀਆਂ ਹੋਈਆਂ ਖਾਲੀ ਪਈ ਮੰਜੀ ਉਤੇ ਜਾ ਟਿਕਦੀਆਂ।

ਕੱਲ੍ਹ ਰਵੀ ਐਥੇ ਸੀ ਤੇ ਅੱਜ ..ਕਮਾਲ ਨੇ ਉਹਦੇ ਮੋਢੇ ਨੂੰ ਹੌਲੀ ਜਹੇ ਛੋਹਿਆ। ਬੁਖਾਰੀ ਦੀ ਅੱਗ ਨਾਲ ਸਰੀਰ ਦੀ ਸਰਦੀ ਦੇ ਨਾਲ ਨਾਲ ਦਿਮਾਗੀ ਠੰਢ੍ਹ-ਪੁਣ ਵੀ ਘੱਟ ਹੋਣ ਲੱਗਾ ਸੀ। ਇਹ ਜਾਣਦੇ ਹੋਏ ਵੀ ਕਿ ਰਵੀ ਦੇ ਬਾਰੇ ਜੋ ਵੀ ਕਿਹਾ ਗਿਆ ਹੈ, ਉਹ ਸਭ ਮਨ-ਘੜਤ ਹੈ। ਖੁੱਲ੍ਹ ਕੇ ਕਹਿਣ 'ਚ ਹਰ ਕੋਈ ਹਿਚਕਿਚਾ ਰਿਹਾ ਸੀ। ਇਸ ਤੋਂ ਪਹਿਲਾਂ ਕਿਸੇ ਦੀ ਜ਼ਿਆਦਤੀ ਉਤੇ ਮੂੰਹ ਦੀ ਜੁਗਾਲੀ ਤਾਂ ਅਕਸਰ ਹਰ ਕੋਈ ਕਰ ਹੀ ਲੈਂਦਾ ਸੀ। ਸਿਵਾਏ ਇਕ-ਦੋਂਹ ਦੇ। ਹਰ ਕਿਸੇ ਦੇ ਅੰਦਰ ਡਰ ਬੈਠ ਗਿਆ ਸੀ ਕਿ ਜੇ ਕਿਸੇ ਨੇ ਰਵੀ ਨਾਲ ਹਮਦਰਦੀ ਪ੍ਰਗਟ ਕੀਤੀ ਤਾਂ ਸੰਭਵ ਹੈ ਕਿ ਉਸ ਨੂੰ ਵੀ ਇਸ ਮਾਮਲੇ 'ਚ ਘਸੀਟ ਲਿਆ ਜਾਂਦਾ। ਅੱਖਾਂ ਦੇ ਅੱਗੇ ਕੁਆਟਰ-ਗਾਰਡ, ਕਰਾਅਲਿੰਗ ਤੇ ਕੋਰਟ-ਮਾਰਸ਼ਲ ਘੁੰਮ ਜਾਂਦਾ ਤੇ ਦੂਸਰੇ ਪਾਸੇ ਸਚਾਈ ਵਲੋਂ ਅੱਖਾਂ ਮੀਟਣ ਦੀ ਮਜਬੂਰੀ ਮਨ ਨੂੰ ਵਲੂੰਧਰ ਦਿੰਦੀ। ਇਕ ਪਾਸੇ ਬੀਵੀ, ਬੱਚੇ, ਮਾਂ-ਬਾਪ, ਬੋਦੀਆਂ ਦੀਵਾਰਾਂ ਦੇ ਸਹਾਰੇ ਖੜ੍ਹੇ ਘਰ, ਪਿੰਡ ਤੇ ਕਸਬੇ ਸਨ ਤੇ ਦੂਜੇ ਪਾਸੇ ਘੁਟਨ, ਸੜਿਆਂਦ ਤੇ ਗੁਲਾਮੀ ਦਾ ਨਿਰੰਤਰ ਕੱਸਿਆ ਜਾ ਰਿਹਾ ਰੱਸਾ ਸੀ।

ਉਸ ਦੁਪਿਹਰ ਕੁੱਝ ਨਾ ਵਾਪਰਿਆ ਅਤੇ ਜੋ ਵਾਪਰਿਆ ਸੀ, ਉਹ ਸਾਡੇ ਸਭਨਾਂ ਦੇ ਮਨਾਂ ਦੇ ਅੰਦਰ ਹੀ ਅੰਦਰ ਬਰਸਾਤੀ ਬੱਦਲਾਂ ਦੀ ਤਰ੍ਹਾਂ ਤਰਥੱਲੀ ਮਚਾ ਰਿਹਾ ਸੀ। ਬਰਫ਼ ਪੈ ਰਹੀ ਸੀ, ਮਾਹੌਲ ਏਨਾ ਖਾਮੋਸ਼ ਕਿ ਪਰਲੇ ਪਾਸੇ ਬਣੀ ਆਫ਼ੀਸਰ-ਮੈੱਸ 'ਚ ਸਿਰਫ ਪਰਦੇ ਹਿੱਲ ਰਹੇ ਸਨ। ਕਿਧਰੇ ਵੀ ਕੋਈ ਆਹਟ ਨਹੀ ਸੀ।

ਪੂਰੀ ਦੁਪਹਿਰ ਉੱਸਲ-ਵੱਟੇ ਲੈਂਦਿਆਂ ਗੁਜ਼ਰੀ। ਜਦੋਂ ਵੀ ਉਹ ਕਰਵਟਾਂ ਲੈਂਦੇ ਲੈਂਦੇ ਥੱਕ ਜਾਂਦਾ ਤਾਂ ਬਾਹਰ ਪੈ ਰਹੀ ਬਰਫ਼ ਨੂੰ ਕਿਸੇ ਮਾਸੂਮ ਬੱਚੇ ਦੀ ਤਰ੍ਹਾਂ ਚੁੱਪ-ਚਾਪ ਨਿਹਾਰਨ ਲਗਦਾ। ਸੌਣ ਦੀ ਕੋਸ਼ਿਸ਼ ਕਰਦਾ ਤਾਂ ਬੀਤ ਚੁੱਕੇ ਕਈ ਵਰ੍ਹੇ ਨਜ਼ਰਾਂ ਅੱਗੇ ਫੈਲ ਜਾਂਦੇ।

ਤਿੰਨ ਵਰ੍ਹੇ ਪਹਿਲਾਂ, ਇਕ ਢਲਦੀ ਦੁਪਿਹਰ ਅਸੀਂ ਸਾਰੇ ਟਰੱਕਾਂ ਉਤੇ ਬੋਰੀਆਂ ਲੱਦ ਰਹੇ ਸਾਂ, ਭੁੱਖੇ-ਪਿਆਸੇ ਬੇਹਾਲ, ਥਕਾਵਟ ਨਾਲ ਚੂਰ। ਉਸ ਦਿਨ ਪੰਦਰਾਂ ਦਿਨਾਂ ਬਾਅਦ ਡਾਕ ਆਈ ਸੀ। ਸਾਰਿਆਂ ਨੂੰ ਖ਼ਤਾਂ ਦੀ ਉਡੀਕ

ਸੀ। ਵੀਰਾਨ ਇਲਾਕਿਆਂ 'ਚ ਖ਼ਤ ਵੀ ਜੀਉਂਦੇ-ਜਾਗਦੇ ਸਾਥੀ ਹੀ ਤਾਂ ਹੁੰਦੇ ਨੇ। ਅਸੀਂ ਸਾਰੇ ਖ਼ਤ ਪੜ੍ਹਨ 'ਚ ਮਸਰੂਫ਼ ਸਾਂ। ਵਤਨਾ ਆਪਣੀ ਬੀਵੀ ਦਾ ਖ਼ਤ ਸਾਰਿਆਂ ਨੂੰ ਪੜ੍ਹ ਕੇ ਸੁਣਾ ਰਿਹਾ ਸੀ। ਸਾਰੇ ਖਿੜ-ਖਿੜਾ ਕੇ ਹੱਸ ਰਹੇ ਸਨ ਕਿ ਮੇਜਰ ਸਾਹਿਬ ਆ ਧਮਕੇ। ਸ਼ਾਮ ਦੀ ਹਾਜ਼ਰੀ ਨੂੰ ਇਕ ਮਿੰਟ ਦੀ ਦੇਰੀ ਹੋ ਗਈ ਸੀ। ਮੇਜਰ ਸਾਹਿਬ ਨੇ ਦਹਾੜਦਿਆਂ ਹੋਇਆਂ ਵਤਨੇ ਦੇ ਹੱਥ 'ਚ ਫੜੀ ਉਹਦੇ ਬੱਚੇ ਦੀ ਫੋਟੋ, ਟੁਕੜੇ ਟੁਕੜੇ ਕਰਕੇ ਉਸਦੇ ਪੈਰਾਂ 'ਚ ਸੁੱਟ ਦਿੱਤੀ। ਵਤਨਾ ਮਚ ਉਠਿਆ। ਵਤਨੇ ਨੇ ਸਾਵਧਾਨ ਮੁਦਰਾ 'ਚ ਕਿਹਾ, "ਸਾਬ੍ਹ! ਇਹ ਜਲਾਵਤਨੀ ਅਸੀਂ ਆਪਣੇ ਬੀਵੀ-ਬੱਚਿਆਂ ਦੀ ਖਾਤਰ ਹੀ ਝੱਲਦੇ ਹਾਂ।"

"ਆਈ ਸ਼ੈੱਲ ਮੇਕ ਯੂਅਰ ਲਾਈਫ਼ ਹੈੱਲ।" ਚੀਕਦਿਆਂ ਹੋਇਆ ਮੇਜਰ ਸਾਹਿਬ ਹੱਥ 'ਚ ਫੜੇ ਰੂਲ ਨੂੰ ਆਪਣੇ ਪੱਟਾਂ ਉਤੇ ਕਿਸੇ ਮਾਸੂਮ ਗੋਲ-ਮਟੋਲ ਬੱਚੇ ਦੀਆਂ ਗੱਲ੍ਹਾਂ ਨੂੰ ਥਪਥਪਾਉਂਦੇ ਹੋਏ ਜਹੇ ਚਲੇ ਗਏ।

ਗੱਲ ਗੱਲ ਉਤੇ ਟਹਿਕਣ ਵਾਲਾ ਵਤਨਾ ਏਨਾ ਸੰਵੇਦਨਸ਼ੀਲ ਵੀ ਹੋ ਸਕਦਾ ਹੈ, ਇਹ ਸਾਨੂੰ ਉਸ ਦਿਨ ਹੀ ਪਤਾ ਚੱਲਿਆ।

ਦੂਸਰੇ ਦਿਨ ਉਸ ਨੂੰ ਸਜ਼ਾ ਹੋਈ, ਪੰਜ ਮੀਲ ਲੰਮੀ ਦੌੜ। ਪੰਜੀਂ-ਸੱਤੀਂ ਦਿਨੀ ਉਹਦੀ ਕੁਆਰਟਰ ਗਾਰਡ ਆ ਗਈ। ਅਰਦਲੀ ਡਿਊਟੀ ਲਈ ਬੁਲਾਇਆ ਗਿਆ। ਫਿਰ ਇਕ ਦਿਨ ਮੇਜਰ ਸਾਹਿਬ ਦੀ ਮੇਮ-ਸਾਹਿਬਾ ਨੂੰ ਸਲੂਟ ਨਾ ਕਰਨ ਦੇ ਇਵਜ਼ ਵਿਚ ਉਹਦੀ ਸਪਲਾਈ-ਡੀਪੂ 'ਚ ਬੋਰੀਆਂ ਢੋਣ ਦੀ ਡਿਊਟੀ ਲਾਈ ਗਈ। ਉਸਨੇ ਛੁੱਟੀ ਮੰਗੀ ਜੋ ਨਾ-ਮਨਜ਼ੂਰ ਕਰ ਦਿੱਤੀ ਗਈ। ਸੰਦੇਸ਼-ਵਾਹਕ ਦੇ ਰੂਪ 'ਚ ਉਸਨੂੰ ਮੀਲਾਂ-ਬੱਧੀ ਦੌੜਾ-ਇਆ ਜਾਂਦਾ। ਹਰ ਸ਼ਾਮ ਕੋਹਲੂ ਦੇ ਬੈਲ ਜਿਹਾ ਥੱਕਿਆ ਹਾਰਿਆ ਉਹ ਯੂਨਿਟ ਵਿਚ ਪਰਤਦਾ।

ਕਿਸੇ ਦੀ ਹਲਕੀ ਜਿਹੀ ਪੀੜਾ ਉਤੇ ਪੀੜਤ ਹੋਣ ਵਾਲਾ ਦਿਲ ਮੁਰਦੇ ਵਿਚ ਤਬਦੀਲ ਹੋਣ ਲੱਗਾ। ਚਿਪ-ਚਿਪਾਉਂਦੀਆਂ ਜੁਰਾਬਾਂ ਨੂੰ ਧੋਂਦਿਆਂ ਉਹਦੇ ਹੱਥ ਅਚਾ-ਨਕ ਰੁਕ ਜਾਂਦੇ। ਗੱਲ-ਗੱਲ ਉਤੇ ਮਖੌਲ ਕਰਨ ਦੀ ਉਹਦੀ ਆਦਤ, ਕੈਂਸਰ ਨਾਲ ਖੁਰਦੇ ਜਾਂਦੇ ਰੋਗੀ ਜਹੀ ਅੰਤਰਮੁਖਤਾ ਵਿਚ ਤਬਦੀਲ ਹੋਣ ਲਗੀ। ਉਹ ਮੱਘ-ਪਲੇਟ ਚੁੱਕਦਾ ਤੇ ਬਿਨਾ ਕੁੱਝ ਆਖੇ ਜਨਰਲ-ਮੈੱਸ 'ਚੋਂ ਆਪਣਾ ਖਾਣਾ ਲੈ ਆਉਂਦਾ। ਟਰੰਕ ਉਤੇ ਖਾਣਾ ਰੱਖ ਮੰਜੇ 'ਤੇ ਲੇਟਿਆ ਕੁੱਝ ਨਾ ਕੁੱਝ ਸੋਚਦਾ ਰਹਿੰਦਾ। ਬਕਸੇ 'ਚੋਂ ਪੁਰਾਣੀਆਂ ਚਿੱਠੀਆਂ ਕੱਢਦਾ ਤੇ ਪੜ੍ਹਨ ਲੱਗਦਾ। ਸਿਗਰਟ ਸੁਲਘਾ ਲੈਂਦਾ।

ਉਹਦੇ ਮੰਜੇ ਉਤੇ ਕੁੱਝ ਨਾ ਕੁੱਝ ਖਿਲਰਿਆ ਰਹਿੰਦਾ, ਕਿਸੇ ਸਕੂਲ ਦੇ ਸਾਹਮਣੇ ਬੈਠੀ ਬਜ਼ੁਰਗ ਔਰਤ ਦੁਆਰਾ ਵੇਚੇ ਜਾ ਰਹੇ ਸੌਦੇ-ਪੱਤੇ ਦੀ ਤਰ੍ਹਾਂ ਅਸੀਂ ਉਹਨੂੰ ਗੱਲਾਂ ਵਿਚ ਰੁਝਾਉਣਾ ਚਾਹੁੰਦੇ ਹੋਏ ਵੀ ਰੁਝਾ ਨਾ ਪਾਉਂਦੇ। ਦਰਅਸਲ ਹੁੰਦਾ ਇਹ ਸੀ ਕਿ ਰੋਜ਼ ਕਿਸੇ ਨਾ ਕਿਸੇ ਗੱਲ ਉਤੇ ਕੋਈ ਨਾ ਕੋਈ ਸਜ਼ਾ ਉਹਨੂੰ ਮਿਲ ਹੀ ਜਾਂਦੀ। ਮੇਜਰ ਨੂੰ ਇਹ ਗਵਾਰਾ ਨਹੀਂ ਸੀ ਕਿ ਕੋਈ ਆਦਮੀ ਸਜ਼ਾਵਾਂ ਤਾਂ ਝੱਲ ਲਵੇ ਪਰ ਕੀਤੇ ਦੀ ਮਾਫ਼ੀ ਨਾ ਮੰਗੇ। ਨੈਬ-ਸੂਬੇਦਾਰ ਨੇ ਗੂੜ੍ਹੀ ਮਿੱਤਰਤਾ ਜਤਾਉਂਦਿਆਂ ਹੋਇਆਂ ਉਹਨੂੰ ਪੇਸ਼ਕਸ਼ ਵੀ ਕੀਤੀ ਸੀ ਕਿ ਚੱਲ ਕੇ ਮੇਜਰ ਤੋਂ ਮਾਫ਼ੀ ਮੰਗ ਲਵੇ ਅਤੇ ਰੋਜ਼-ਰੋਜ਼ ਦੇ ਝਮੇਲਿਆਂ ਤੋਂ ਮੁਕਤ ਹੋਵੇ। ਪਰ ਉਹ ਇਕ ਜਵਾਨ ਨਹੀਂ, ਯੁਵਕ ਸੀ। ਉਹ ਯੁਵਕ ਬਣਿਆਂ ਰਹਿਣਾ ਚਾਹੁੰਦਾ ਸੀ। ਉਹਦੇ ਕੋਲ ਜ਼ੁਬਾਨ ਸੀ, ਹੱਥ ਸਨ ਅਤੇ ਦਿਲੋ-ਦਿਮਾਗ ਸੀ, ਕਿੰਤੂ ਸਹੀ ਜਵਾਨ ਹੋਣ ਲਈ ਜ਼ੁਬਾਨ, ਹੱਥਾਂ ਤੇ ਦਿਲੋ-ਦਿਮਾਗ ਨੂੰ ਦੇਸ ਨਿਕਾਲਾ ਦਿੱਤਾ ਜਾਣਾ ਲਾਜ਼ਮੀ ਹੀ ਨਹੀਂ, ਬਹੁਤ ਜ਼ਰੂਰੀ ਸੀ। ਕਿਉਂਕਿ ਉਹਦੇ ਹੁੰਦਿਆਂ-ਹੋਇਆਂ ਅਨੁਸ਼ਾਸਨ ਦੇ ਨਾਂ ਉਤੇ ਗੁਲਾਮੀ ਨੂੰ ਦੇਸ਼-ਭਗਤੀ ਦਾ ਨਕਾਬ ਚੜ੍ਹਾ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕੀਤਾ ਜਾ ਸਕਦਾ ਸੀ।

ਇਕ ਦਿਨ ਤਾਂ ਹੱਦ ਹੀ ਹੋ ਗਈ। ਇੰਨਸਪੈਕਸ਼ਨ ਪਰੇਡ ਹੋ ਰਹੀ ਸੀ। ਮੇਜਰ ਸਾਹਿਬ ਮੁਆਇਨਾ ਕਰ ਰਹੇ ਸਨ..."ਖਾਲਸਾ ਬਾਹਰ ਆਓ।"

"ਮੈਂ ਖਾਲਸਾ ਨਹੀਂ, ਜਵਾਨ ਹਾਂ।"

"ਪੰਜਾਬੀ ਮੇਂ ਬਾਤ ਕਰੋ।" ਮੇਜਰ ਨੇ ਦਹਾੜ-ਦਿਆਂ ਕਿਹਾ।

"ਮੈਂ ਪੰਜਾਬੀ ਨਹੀਂ ਜਾਣਦਾ" ਵਤਨੇ ਨੇ ਹੌਲੇ ਜਹੇ ਉੱਤਰ ਦਿੱਤਾ।

"ਸੂਬੇਦਾਰ, ਇਸੇ ਪੰਜਾਬੀ ਸਿਖਾਓ।" ਮੇਜਰ ਨੇ ਵਤਨੇ ਨੂੰ ਉਪਰ ਤੋਂ ਥੱਲੇ ਤੱਕ ਘੂਰਦਿਆਂ ਹੋਇਆ ਕਿਹਾ।

"ਈਹਨੂੰ ਅਸਲ 'ਚ ਪੰਜਾਬੀ ਨਹੀਂ ਆਉਂਦੀ।" ਰਵੀ ਨੇ ਪਰੇਡ 'ਚੋਂ ਬਾਹਰ ਆ ਕੇ ਕਿਹਾ।

"ਤੁਮ ਸੇ ਕਿਸਨੇ ਪੂਛਾ ?" ਮੇਜਰ ਚੀਖਿਆ।

ਵਤਨੇ ਨੂੰ ਸੱਤ ਦਿਨ ਪਿੱਠੂ ਲਗਾ ਕੇ ਲਗਾਤਾਰ ਪੰਜ ਮੀਲ ਦੌੜਨ ਦੀ ਸਜ਼ਾ ਮਿਲੀ ਤੇ ਰਵੀ ਨੂੰ ਪੰਦਰਾਂ ਦਿਨ ਤਕ ਕਰਾਅਲਿੰਗ ਕਰਦੇ ਰਹਿਣ ਦਾ ਹੁਕਮ ਹੋਇਆ। ਅਸੀਂ ਪਾਟੀਆਂ-ਪਾਟੀਆਂ ਨਜ਼ਰਾਂ ਨਾਲ ਸਭ ਕੁੱਝ ਦੇਖਦੇ ਰਹੇ।

ਇਹ ਸਹੀ ਹੈ ਕਿ ਵਤਨੇ ਨੇ ਮੇਜਰ ਤੋਂ ਮਾਫ਼ੀ ਨਹੀਂ ਮੰਗੀ ਲੇਕਿਨ ਉਹਨੇ ਸਭ ਕੁੱਝ ਸਹਿਣ ਦੀ ਇਕ ਆਦਤ ਜਹੀ ਬਣਾ ਲਈ ਸੀ। ਉਹ ਪਿੱਠੂ ਢੋਂਹਦਾ,

ਕਰਾਅਲਿੰਗ ਕਰਦਾ, ਕੁਆਟਰ ਗਾਰਡ ਭੁਗਤਦਾ ਕਿਸੇ ਸੰਤ ਦੀ ਤਰ੍ਹਾਂ, ਜੋ ਦਰਦ ਨੂੰ ਭਗਵਾਨ ਦੀ ਦੇਣ ਸਮਝਦਾ ਹੈ, ਆਤਮਾ-ਪ੍ਰਮਾਤਮਾ ਦੀਆਂ ਗੱਲਾਂ ਕਰਦਾ ਹੋਇਆ ਉਦਾਸ ਹੋ ਜਾਂਦਾ। ਉਹ ਅਸਹਿ ਦਰਦ ਨਾਲ ਕਰ੍ਹਾਉਂਦਾ ਜ਼ਰੂਰ, ਪਰ ਇਸ ਤਕਲੀਫ 'ਚ ਕਿਸੇ ਨੂੰ ਸ਼ਾਮਲ ਨਾ ਕਰਦਾ। ਉਹਦੇ ਬੁੱਲ੍ਹਾਂ ਉਤੇ ਨਾ ਹਾਸਾ ਹੁੰਦਾ ਤੇ ਨਾ ਹੀ ਸ਼ੋਕ। ਕਦੇ ਕਦੇ ਤਾਂ ਲੱਗਦਾ ਕਿ ਉਹ ਬੋਲਣਾ ਭੁੱਲ ਹੀ ਚੁਕਿਆ ਹੈ। ਬਹੁਤ ਸੰਭਵ ਹੈ ਕਿ ਉਹਨੂੰ ਸਾਡੇ ਤੋਂ ਬੇਗਾਨਗੀ ਹੋ ਗਈ ਹੋਵੇ, ਪਰ ਰਵੀ ਨਾਲ ਵੀ ਤਾਂ ਉਹਦਾ ਕੋਈ ਵਿਸ਼ੇਸ਼ ਲਗਾਓ ਨਹੀਂ ਰਹਿ ਗਿਆ ਸੀ। ਹਾਲਾਂਕਿ ਰਵੀ ਨੇ ਉਹਦੀ ਤਰਫਦਾਰੀ ਕੀਤੀ ਸੀ, ਟੈਂਟ ਵਿਚ ਨਹੀਂ, ਖੁਲ੍ਹੇਆਮ ਡੰਕੇ ਦੀ ਚੋਟ ਉਤੇ। ਜਦੋਂ ਉਹ ਨਵਾਂ ਨਵਾਂ ਆਇਆ ਸੀ ਤਾਂ ਅਕਸਰ ਲੰਮੇਂ ਲੰਮੇਂ ਖ਼ਤ ਲਿਖਦਾ। ਸਾਨੂੰ ਹੈਰਾਨੀ ਹੁੰਦੀ ਕਿ ਮਿਲਟਰੀ 'ਚ ਰਹਿੰਦਿਆਂ ਹੋਇਆਂ ਵੀ ਕੋਈ ਏਨੇ ਸੰਜੀਦਾ ਤੇ ਵਧੀਆ ਖ਼ਤ ਲਿਖ ਸਕਦਾ ਹੈ। ਲੇਕਿਨ ਜਿਉਂ ਜਿਉਂ ਉਹ ਵਿਚਾਰਾਂ ਦੇ ਜੰਗਲ 'ਚ ਭਟਕਦਾ ਗਿਆ, ਖ਼ਤਾਂ ਦਾ ਆਕਾਰ ਲਗਾਤਾਰ ਘਟਦਾ ਗਿਆ। ਲੰਮੇ ਲੰਮੇ ਖ਼ਤਾਂ ਦੀ ਬਿਜਾਏ ਅੱਧੇ-ਅੱਧੇ ਪੰਨਿਆਂ ਦੇ ਖ਼ਤਾਂ ਨੇ ਲੈ ਲਈ। ਪਹਿਲਾਂ ਉਹ ਮਹੀਨੇ 'ਚ ਅੱਠ-ਦਸ ਖ਼ਤ ਲਿਖਦਾ, ਕਿੰਤੂ ਹੁਣ ਮਹੀਨੇ 'ਚ ਇੱਕ ਜਾਂ ਦੋ ਖ਼ਤ ਲਿਖਦਾ। ਮਹਿਜ਼ ਰਵਾਇਤੀ। ਉਨ੍ਹਾਂ 'ਚ ਮੋੜ ਘੇੜ ਕੇ ਬੱਸ ਇੱਕੋ ਹੀ ਗੱਲ ਲਿਖੀ ਹੁੰਦੀ; ਅਸੀਂ ਜ਼ਿੰਦਾ ਕੱਠਪੁਤਲੀਆਂ ਹਾਂ, ਜਿਨ੍ਹਾਂ ਦੇ ਪੋਰ-ਪੋਰ ਵਿਚ ਤਾਰਾਂ ਫਿੱਟ ਕਰ ਦਿੱਤੀਆਂ ਗਈਆਂ ਹਨ। ਜਦ ਤਾਰਾਂ ਖਿੱਚੀਆਂ ਜਾਂਦੀਆਂ ਹਨ ਤਾਂ ਅਸੀਂ ਦਰਦ ਨਾਲ ਕਰ੍ਹਾਉਂਦੇ ਹੋਏ ਹੱਥ-ਪੈਰ ਸਿਰ ਪਟਕਦੀਆਂ ਹਾਂ ਅਤੇ ਪਟਕ ਰਹੀਆਂ ਹਾਂ। ਤੇ ਤਮਾਸ਼ਬੀਨ ਤਾਲੀਆਂ ਵਜਾ ਵਜਾ ਹੱਸ ਰਹੇ ਹਨ।

ਇਕ ਵਾਰ ਉਹਨੂੰ ਪੁੱਛਿਆ ਵੀ ਸੀ ਕਿ ਉਹ ਪਹਿਲਾਂ ਜਹੇ ਖ਼ਤ ਕਿਉਂ ਨਹੀਂ ਲਿਖਦਾ। ਜਗਿਆਸਾ ਵੱਸ ਨਹੀਂ ਬਲਕਿ ਇਸ ਲਈ ਕਿ ਉਹ ਕਿਸੇ ਤਰ੍ਹਾਂ ਦੁਬਾਰਾ ਉਸੇ ਤਰ੍ਹਾਂ ਦੇ ਲੰਮੇਂ ਲੰਮੇਂ ਖ਼ਤ ਲਿਖਣ ਲੱਗੇ ਤਾਂ ਹੋ ਸਕਦਾ ਹੈ ਕਿ ਉਹ ਆਪਣੇ ਇਰਦ-ਗਿਰਦ ਬਣੇ ਤਾਣੇ-ਪੇਟੇ ਤੋਂ ਬਾਹਰ ਨਿਕਲ ਆਏ। ਸਿਰਫ ਰਵੀ ਹੀ ਸੀ ਜੋ ਕਦੀ-ਕਦਾਈਂ ਉਹਦੀ ਦੁਨੀਆਂ 'ਚ ਝਾਕ ਲੈਂਦਾ। ਮਹਾਜਨ ਦੇ ਸੂਦ ਜਹੀ ਵਧਦੀ ਜਾਂਦੀ ਪੀੜ, ਨਿਰੰਤਰ ਨਿਰਾਸ਼ਾ 'ਚ ਬਦਲ ਰਹੀ ਸੀ।

"ਸਾਥੀ ਸ਼ਿਵਚਰਣ! ਗੁਲਾਮੀ ਕੀ ਏ, ਦੱਸ ਸਕਦੈਂ ?' ਕਮਾਲ ਨੇ ਬੜੀ ਮਾਸੂਮੀਅਤ ਨਾਲ ਉਹਦੇ ਮੋਢੇ ਨੂੰ ਰੁੱਸੇ ਹੋਏ ਜ਼ਿੱਦੀ ਬਾਲ ਦੀ ਤਰ੍ਹਾਂ ਝੰਜੋੜਦਿਆਂ ਹੋਇਆਂ, ਉਹਦੀਆਂ ਅੱਖਾਂ ਵਿਚ ਝਾਕਦੇ ਹੋਇਆ ਪੁੱਛਿਆ। ਕਮਾਲ ਦੇ ਚਿਹਰੇ ਉਤੇ ਫੈਲੀਆਂ ਵਿੰਗੀਆਂ-ਟੇਢੀਆਂ ਰੇਖਾਵਾਂ, ਹਲਕਾ ਪੀਲਾਪਨ ਤੇ ਪਲ ਪਲ ਬਦਲਦੇ ਭਾਵ,, ਕਿਸੇ ਚਿੱਤ ਹੋਏ ਪਹਿਲਵਾਨ ਦੀ ਖਿਝ ਲਏ ਹੋਏ ਕਿਤੇ ਵੀ ਸਮਾ ਜਾਣ ਨੂੰ ਆਤੁਰ ਸਨ। ਸੋਚ ਤੇ ਚਿੰਤਾ ਨਾਲ ਝੁਕਿਆ ਹੋਇਆ ਸਿਰ ਹੁਣੇਂ ਹੁਣੇਂ ਡੋਲੀ ਵਿਦਾ ਕਰਕੇ ਆਏ ਬਾਪ ਜਿਹਾ ਹੌਲੀ-ਹੌਲੀ ਉੱਠ ਰਿਹਾ ਸੀ।

"ਸਾਥੀ..." ਕਮਾਲ ਕੁੱਝ ਪਲ ਖਾਮੋਸ਼ ਰਿਹਾ। ਕੁੱਝ ਢੂੰਡਦਾ ਹੋਇਆ ਜਿਹਾ ਆਪਣੇ ਅੰਦਰ ਹੀ ਅੰਦਰ ਫਿਰ ਬੋਲਿਆ, "ਸ਼ਿਵੂ ਆਦਮੀ ਪਸ਼ੂ ਨਹੀਂ ਹੈ, ਆਦਮੀ ਕਠਪੁਤਲੀ ਨਹੀਂ ਹੈ, ਆਦਮੀ ਮਜਬੂਰੀ ਨਹੀਂ ਹੈ, ਆਦਮੀ..." ਉਹਦੀ ਆਵਾਜ਼ ਮੈਦਾਨੀ ਨਦੀ ਦੇ ਪਾਣੀ ਜਹੀ ਗੰਭੀਰ ਤੇ ਸਮਤਲ ਸੀ।

ਬਾਹਰ ਹਲਕਾ-ਹਲਕਾ ਜਿਹਾ ਹਨੇਰਾ ਛਾ ਰਿਹਾ ਸੀ। ਸ਼ੈੱਡ ਵਿਚ ਖੜੇ ਇੰਜਨ ਜਹੀ ਚਿਰਚਿਰਾਉਂਦੀ ਬੁਖ਼ਾਰੀ ਅੱਗ ਵਿਚ ਤਪ ਰਹੇ ਲੋਹੇ ਦੀ ਤਰ੍ਹਾਂ ਹੌਲ਼ੀ-ਹੌਲੀ ਲਾਲ ਹੁੰਦੀ ਜਾ ਰਹੀ ਸੀ ਤੇ ਬਰਫ ਮਾਸਟਰ ਨੂੰ ਪਾਠ ਸੁਣਾਉਂਦੇ ਬੱਚੇ ਦੀ ਤਰ੍ਹਾਂ ਰੁਕ ਰੁਕ ਕੇ ਡਿੱਗ ਰਹੀ ਸੀ। ਸਰਦੀ ਹੜ੍ਹ ਦੇ ਪਾਣੀ ਦੀ ਤਰ੍ਹਾਂ ਨਿਰੰਤਰ ਵਧਦੀ ਜਾ ਰਹੀ ਸੀ। ਕਮਾਲ ਦਾ ਬੋਲਣਾ ਜਾਰੀ ਸੀ।

"ਸਾਥੀ, ਤੂੰ ਵਤਨੇ ਦਾ ਮਰਨਾ ਨਹੀਂ ਵੇਖਿਆ। ਚੇਰੀਅਨ ਨੂੰ ਅਰਦਲੀ ਡਿਊਟੀ ਤੋਂ ਇਨਕਾਰ ਕਰਦੇ ਨਹੀਂ ਵੇਖਿਆ ਤੇ ਇਹਦੇ ਉਤੇ ਮੇਜਰ ਦੀ ਬੋਖਲਾਹਟ ਨਹੀਂ ਵੇਖੀ–ਯੂ ਮਾਈ-ਫੁੱਟ। ਆਈ ਵਿੱਲ ਸ਼ੂਟ ਯੂ। ਰਵੀ ਨੂੰ ਅਕਸਰ ਪੜ੍ਹਦੇ ਤੇ ਰਾਤ-ਰਾਤ ਭਰ ਪ੍ਰੇਸ਼ਾਨ ਹੁੰਦੇ ਹੋਏ ਨਹੀਂ ਵੇਖਿਆ। ਤਦ ਤੂੰ ਲੰਮੀ ਛੁੱਟੀ 'ਤੇ ਸੈਂ। ਤੈਨੂੰ ਛੁੱਟੀ ਤੇ ਗਿਆਂ ਜ਼ਿਆਦਾ ਦਿਨ ਨਹੀਂ ਹੋਏ ਸਨ ਕਿ ਇਕ ਦਿਨ ਅਸੀਂ ਸਾਰੇ ਟਰੱਕਾਂ ਵਿਚ ਪੱਥਰ ਲੱਦ ਰਹੇ ਸਾਂ। ਵਤਨਾ ਕਾਫੀ ਸੁਸਤ ਜਾਪ ਰਿਹਾ ਸੀ। ਸਾਡੇ ਲੱਖ ਪੁੱਛਣ ਤੇ ਵੀ ਉਹ ਖਾਮੋਸ਼ ਰਿਹਾ, ਕਿਸੇ ਮੋਨਧਾਰੀ ਬਾਬੇ ਵਾਂਗ। ਰਵੀ ਨੇ ਉਹਨੂੰ ਨੇੜੇ ਹੀ ਰੁੱਖ ਥੱਲੇ ਆਰਾਮ ਕਰਨ ਨੂੰ ਕਿਹਾ। ਉਹ ਬੈਠ ਗਿਆ। ਤਦੇ ਹੀ ਨੈਬ ਸੂਬੇਦਾਰ ਦੀ ਨਜ਼ਰ ਉਹਦੇ ਉਤੇ ਪਈ। ਉਹ ਆਕਾਸ਼ ਛੂੰਹਦੀ ਅੱਗ ਦੀ ਲਪਟ ਵਾਂਗ ਭਬਕਿਆ, "ਗਰਾਈਂ, ਇਧਰ ਕ੍ਹਾਹੇ ਕੋ ਬੈਠਾ ਹੈ'?"

"ਨਹੀਂ ਉਸਤਾਦ। ਥੱਕ ਗਿਆ ਹਾਂ।" ਵਤਨੇ ਨੇ ਹੌਲੇ ਜਹੇ ਕਿਹਾ, ਜੋ ਅਸੀਂ ਸੁਣਿਆ ਪਰ ਉਸਤਾਦ ਨੇ ਨਹੀਂ।

"ਬਈ, ਉਹ ਤਾਂ ਦਫ਼ਤਰ 'ਚ ਬੈਠਾ ਬੁਖ਼ਾਰੀ ਸੇਕ ਰਿਹਾ ਹੈ –ਯੂ ਮਾਈ ਫੁੱਟ।" ਚੇਰੀਅਨ ਪਿੱਠ ਉਤੇ ਰੱਖੇ ਹੋਏ ਭਾਰੀ ਪੱਥਰ ਨੂੰ ਟਰੱਕ 'ਚ ਠੇਲ੍ਹਦਿਆਂ ਹੋਇਆਂ ਬੋਲਿਆ। ਸਾਰੇ ਖਿੜ-ਖਿੜਾ ਕੇ ਹੱਸ ਪਏ। ਉਸਤਾਦ ਵੀ

ਬਿਨਾਂ ਮੁਸਕਰਾਏ ਨਾ ਰਹਿ ਸਕਿਆ ।

"ਉਸਤਾਦ ਦਾ ਸਰੀਰ ਟੁੱਟ ਰਿਹਾ ਹੈ ਅਤੇ ਹਲਕਾ ਜਿਹਾ ਬੁਖ਼ਾਰ ਵੀ ਹੈ ।"

"ਗਰਾਈਂ, ਪਹਿਲੇ ਕਿਉਂ ਨਹੀਂ ਬਤਾਇਆ ?" ਕਹਿੰਦੇ ਹੋਏ ਉਸਤਾਦ ਦੂਸਰੀ ਤਰਫ ਚਲਾ ਗਿਆ ।

ਗਰਾਈਂ ਸੂਬੇਦਾਰ ਦਾ ਤਕੀਆ ਕਲਾਮ ਸੀ ।

ਦੁਪਹਿਰੇ ਜਦ ਟੈਂਟਾਂ 'ਚ ਪਹੁੰਚੇ ਤਾਂ ਵਤਨੇ ਦਾ ਸਰੀਰ ਟੁੱਟ ਰਿਹਾ ਸੀ । ਬਿਨਾਂ ਕੁੱਝ ਖਾਧੇ ਪੀਤੇ ਉਹ ਲੇਟ ਗਿਆ । ਉਹਨੇ ਪੂਰਾ ਟਰੰਕ ਛਾਣ ਮਾਰਿਆ, ਪਰ ਕੋਈ ਗੋਲੀ ਨਾ ਮਿਲੀ ਜੋ ਬੁਖ਼ਾਰ ਨੂੰ ਘੱਟ ਕਰ ਸਕਦੀ ।

"ਗਰਾਈਂ...ਗਰਾਈਂ..." ਕਰਦਾ ਹੋਇਆ ਉਸਤਾਦ ਆ ਪਹੁੰਚਿਆ ।

"ਗਰਾਈਂ, ਦੇਸੀ ਨੁਸਖਾ ਕਰ ।" ਕਹਿੰਦੇ ਹੋਏ ਉਸਤਾਦ ਗਲਾਸ ਵਿਚ ਥੋੜ੍ਹੀ ਜਿਹੀ ਰੰਮ ਪਾ ਕੇ ਪਾਣੀ ਮਿਲਾਉਣ ਲੱਗਾ ।

"ਹਰਾਰਤ ਥਕਾਵਟ ਸੇ ਹੈ ਗਰਾਈਂ, ਔਰ ਹਰਾਰਤ ਖਤਮ ਕਰਨੇ ਕਾ ਏਕ ਹੀ ਨੁਸਖਾ ਹੈ ਗਰਾਈਂ, ਦੋ ਪੈੱਗ ਦਾਰੂ ।"

ਦੂਸਰਾ ਪੈੱਗ ਖਤਮ ਹੀ ਹੋਣ ਵਾਲਾ ਸੀ ਕਿ ਅਸੀਂ, ਯਾਨੀਕਿ ਮੈਂ ਅਤੇ ਰਵੀ ਪਹੁੰਚੇ ।

ਸਾਡੇ ਸਾਰਿਆਂ ਦੇ ਨਾਲ ਵਤਨੇ ਦਾ ਨਾਂ ਵੀ ਰੇਕੀ ਪਾਰਟੀ ਵਿਚ ਸੀ । ਬਾਅਦ ਦੁਪਹਿਰ ਸਾਢੇ ਤਿੰਨ ਵਜੇ ਮੇਜਰ ਸਾਹਿਬ ਨੇ ਇੰਨਸਟਰੱਕਸ਼ਨਜ਼ ਦੇਣ ਲਈ ਬੁਲਾ ਰੱਖਿਆ ਸੀ । ਮੇਜਰ ਗੱਲ ਗੱਲ੍ਹ ਉਤੇ ਵਰ੍ਹਦਾ ਸੀ, ਸਜ਼ਾ ਦੇਣ ਦੇ ਨਵੇਂ-ਨਵੇਂ ਬਹਾਨੇ ਲੱਭਦਾ । ਬਹਾਨੇ ਨਾ ਮਿਲਦੇ ਤਾਂ ਸਿੱਧਾ ਗਾਲ੍ਹਾਂ ਤੇ ਉਤਰ ਔਂਦਾ । ਦਰਅਸਲ ਉਹਨੂੰ ਦਿਨ-ਬਦਿਨ ਅਨੁਸ਼ਾਸਨ ਦੀ ਚਿੰਤਾ ਘੁਣ ਵਾਂਗ ਅੰਦਰ ਹੀ ਅੰਦਰ ਖਾਈ ਜਾ ਰਹੀ ਸੀ । ਫਲਸਰੂਪ ਰੋਜ਼ ਕਿਸੇ ਨਾ ਕਿਸੇ ਨੂੰ ਤਾਂ ਸਜ਼ਾ ਮਿਲਦੀ ਹੀ । ਚਾਰ ਛੇ ਜਵਾਨ ਰਹਿ ਗਏ ਸਨ, ਜਿਨ੍ਹਾਂ ਦੀਆਂ ਕੂਹਣੀਆਂ ਉਤੇ ਕਰਾਅਲਿੰਗ ਦੇ ਨਿਸ਼ਾਨ ਨਹੀਂ ਸਨ ।

ਸਾਥੀ ਸ਼ਿਵਚਰਣ, ਸੁਣ ਰਿਹਾਂ ਨਾ ?" ਕਮਾਲ ਨੇ ਪੁੱਛਿਆ ਤਾਂ ਉਹ ਉਸ ਸਮੇਂ ਜ਼ਮੀਨ ਨੂੰ ਇਕ ਟੱਕ ਦੇਖੀ ਜਾ ਰਿਹਾ ਸੀ । ਜੀਹਦੇ ਨਾਲ ਵਰ੍ਹੇ ਗੁਜ਼ਾਰੇ ਹੋਣ, ਛੋਟੇ ਛੋਟੇ ਦੁੱਖ-ਸੁੱਖ ਵੰਡੇ ਹੋਣ, ਸਫ਼ਰ ਕੀਤਾ ਹੋਵੇ, ਲੜਾਈਆਂ ਲੜੀਆਂ ਹੋਣ, ਇਕ ਦੂਸਰੇ ਦੇ ਜ਼ਖ਼ਮਾਂ ਨੂੰ ਸਹਿਲਾਇਆ ਹੋਵੇ, ਨਾਲ ਨਾਲ ਪੱਥਰ ਢੋਏ ਹੋਣ, ਜੀਹਦੇ ਵਿਆਹ ਮੰਗਣੀ 'ਚ ਸ਼ਾਮਲ ਹੋਏ ਹੋਈਏ । ਰਾਤਾਂ ਗੱਲਾਂ ਕਰਦਿਆਂ ਗੁਜ਼ਾਰੀਆਂ ਹੋਣ । ਭਾਬੀ-ਭਾਬੀ ਕਰਦੇ ਹੋਏ ਮੂੰਹ ਸੁੱਕਿਆ ਹੋਵੇ, ਉਸੇ ਭਾਬੀ ਦੀ ਸੁੰਨੀ ਮਾਂਗ ਦੀ ਕਲ੍ਹਪਨਾ ਕਰਨਾ ਕਿੰਨਾ ਤਕਲੀਫਦੇਹ ਹੁੰਦਾ ਹੈ ।

ਅਸੀਮ ਪੀੜਾ ਦੇ ਪਲਾਂ ਵਿਚ ਕਿਸੇ ਪਿਆਰੀ ਛੋਹ ਨਾਲ, ਜਿਸਤਰ੍ਹਾਂ ਜ਼ਮੀਨ ਨੂੰ ਘੂਰਦੀਆਂ ਇੱਕ ਟੱਕ ਨਜ਼ਰਾਂ, ਪਹਿਲਾਂ ਜ਼ਮੀਨ ਉਤੇ ਏਧਰ-ਓਧਰ ਫੈਲਦੀਆਂ ਹੋਈਆਂ ਉਸ ਪਿਆਰੇ ਨੂੰ ਦੇਖਣ ਦੀ ਇੱਛਾ ਨਾਲ ਭਰਪੂਰ ਹੌਲੀ ਹੌਲੀ ਉਠਦੀਆਂ ਹੋਈਆਂ ਪਿਆਰੇ ਦੇ ਚਿਹਰੇ ਤੇ ਆ ਟਿਕਦੀਆਂ ਨੇ,ਠੀਕ ਉਸ ਤਰ੍ਹਾਂ ਹੀ ਉਹਦੀਆਂ ਨਜ਼ਰਾਂ ਵੀ ਕਮਾਲ ਦੇ ਚਿਹਰੇ ਤੇ ਆ ਟਿਕ ਗਈਆਂ, ਕੋਈ ਕੁੱਝ ਨਹੀਂ ਬੋਲਿਆ, ਹੁਣੇਂ ਹੁਣੇਂ ਝਗੜ ਪਏ ਦੋ ਮਿੱਤਰਾਂ ਦੀ ਤਰ੍ਹਾਂ ।

ਜਾਨ-ਲੇਵਾ ਚੁੱਪ ਨੂੰ ਤੋੜਨ ਦੀ ਗਰਜ਼ ਨਾਲ, ਕਮਾਲ ਨੇ ਖੰਘਾਰਿਆ ਤੇ ਫਿਰ ਸੁਨਾਉਣ ਲੱਗਾ ।

"ਬਾਅਦ ਦੁਪਿਹਰ ਦੀਆਂ ਇੰਨਸਟਰੱਕਸ਼ਨਜ ਕਹਿਰ ਵਰ੍ਹਾ ਗਈਆਂ । ਅਸੀਂ ਇੰਨਸਟਰੱਕਸ਼ਨਜ ਲੈਣ ਲਈ ਇਕੱਠੇ ਹੋਏ ਤਾਂ ਹਾਜ਼ਰੀ ਲੱਗੀ, ਵਤਨਾ ਨਹੀਂ ਸੀ । ਮੇਜਰ ਚੀਖਿਆ, 'ਸੂਬੇਦਾਰ, ਕਾਲ ਹਿੱਮ ਜਸਟ ਨਾਉ ।'

ਨਾਇਬ ਸੂਬੇਦਾਰ ਦੇ ਮੂੰਹ ਤੋਂ ਅਜੇ 'ਰਾਈਟ ਸਰ' ਵੀ ਨਹੀਂ ਨਿਕਲਿਆ ਸੀ ਕਿ ਰਵੀ ਲਾਈਨ ਤੋਂ ਬਾਹਰ ਆ ਗਿਆ "ਸਰ ! ਉਹਨੂੰ ਬੁਖ਼ਾਰ ਹੈ ।"

'ਰਾਈਟ ਸਰ' ਕਹਿਣ ਤੋਂ ਬਾਅਦ 'ਅਬਾਊਟ-ਟਰਨ' ਹੁੰਦਾ ਹੁੰਦਾ ਉਸਤਾਦ ਰੁਕ ਗਿਆ, ਇਸ ਉਮੀਦ ਨਾਲ ਕਿ ਸ਼ਾਇਦ ਸਾਹਬ ਆਪਣਾ ਫੈਸਲਾ ਬਦਲ ਦਏ । ਵਰ੍ਹਿਆਂ ਬਾਅਦ ਮਿਲਟਰੀ 'ਚ ਰਹਿਣ ਦੇ ਬਾਵਜੂਦ ਵੀ ਉਸਤਾਦ ਨਹੀਂ ਜਾਣ ਸਕਿਆ ਕਿ ਸਾਹਬ ਦੇ ਮੂੰਹ ਤੋਂ ਅਗਰ ਕਿਸੇ ਲਈ 'ਫਾਂਸੀ' ਨਿਕਲ ਗਈ ਤਾਂ ਫਾਂਸੀ ਲੱਗ ਕੇ ਹੀ ਰਹੇਗੀ । ਦੁਨੀਆਂ ਦੀ ਕੋਈ ਤਾਕਤ ਉਹਨੂੰ ਰੋਕ ਨਹੀਂ ਸਕਦੀ । ਸਾਹਿਬ ਦਾ 'ਆਰਡਰ' ਆਰਡਰ ਹੈ, ਕਿਸੇ ਵਿਰੋਧੀ ਰਾਜਸੀ ਨੇਤਾ ਦੇ ਵਿਰੁੱਧ ਬਿਠਾਇਆ ਗਿਆ ਜਾਂਚ-ਕਮਿਸ਼ਨ ਨਹੀਂ, ਜਿਥੇ ਸੱਚਾ-ਝੂਠਾ ਹੋਣ ਲਈ ਕੁੱਝ ਨਾ ਕੁੱਝ ਤਾਂ ਕਰਨਾ ਹੀ ਪੈਂਦਾ ਏ । ਮਿਲਟਰੀ ਤਾਂ ਮਿਲਟਰੀ ਏ, ਜਿਥੇ ਆਰਡਰ ਪਿਰਾਮਿਡ ਦੀ ਤਰ੍ਹਾਂ ਉਪਰ ਤੋਂ ਥੱਲੇ ਤੱਕ ਫੈਲਦੇ ਜਾਂਦੇ ਨੇ ।

"ਗੋ ।" ਮੇਜਰ ਸਾਹਿਬ ਨੇ ਏਨੇ ਉਚੇ-ਸੁਵਰ 'ਚ ਕਿਹਾ ਕਿ ਲੈਫਟ-ਰਾਈਟ ਕਰਦਾ ਉਸਤਾਦ ਦੌੜਦੇ ਦੌੜਦੇ ਟੈਂਟ ਤੱਕ ਪੁੱਜਾ ।

"ਡਾਕਟਰ ਕੋ ਰੀਪੋਰਟ ਕੀਆ ।" ਮੇਜਰ ਮੁਖ਼ਾ-ਤਿਬ ਹੋਇਆ ।

"ਨਹੀਂ ਸਾਹਿਬ" ਰਵੀ ਨੇ ਦਸਿਆ ।

"ਕਿਉ ?" ਸਾਹਿਬ ਦਾ ਪੁੱਛਣਾ ਦਿਮਾਗ਼ ਉਤੇ ਹਥੌੜੇ ਵਾਂਗ ਵੱਜਾ ।

"ਡਿਸਪੈਂਸਰੀ ਵਿਚ ਕੋਈ ਨਹੀਂ ਸੀ"

"ਨੋ ਬਹਾਨੇ ਬਾਜ਼ੀ"

ਰਵੀ ਲਾਈਨ 'ਚ 'ਫ਼ਾਲ-ਇਨ' ਹੋ ਗਿਆ ।

ਵਤਨਾ ਆਪਣਾ ਤਪਦਾ ਹੋਇਆ ਸਰੀਰ ਲੈ ਹਾਜ਼ਰ ਹੋਇਆ।

"ਟਰਨ-ਅਪ ਕਿਉਂ ਨਹੀਂ ਹੂਏ ?"

"ਸਾਹਬ, ਬੁਖਾਰ ਆ..." ਵਤਨਾ ਕਹਿ ਵੀ ਨਹੀਂ ਸਕਿਆ ਸੀ ਕਿ ਮੇਜਰ ਚੀਖਿਆ, "ਡਾਕਟਰ ਕੋ ਰੀਪੋਰਟ ਕੀਆ ?"

"ਸਾਹਬ, ਡਿਸਪੈਂਸਰੀ..." ਵਤਨਾ ਹਕਲਾਉਣ ਲੱਗਾ।

"ਤੋ ਇਧਰ ਆਕਰ ਪੇਸ਼ੈਂਟ ਲਾਈਨ ਮੇਂ ਖੜਾ ਕਿਉਂ ਨਹੀਂ ਹੂਆ ?" ਮੇਜਰ ਨੇ ਦੰਦ ਕਰੀਚੇ। ਏਨੇ ਨੂੰ ਸ਼ਰਾਬ ਦੀ ਬੂਅ ਮੇਜਰ ਦੀਆਂ ਨਾਸਾਂ ਨੂੰ ਚੜ੍ਹ ਗਈ। ਉਹ ਵਤਨੇ ਦੇ ਥੋੜ੍ਹਾ ਹੋਰ ਕਰੀਬ ਆਇਆ, "ਯੂ ਬਲੱਡੀ ਡਰਿੰਕ ਕੀਆ ?"

"ਸਾਹਬ, ਉਸਤਾਦ ਨੇ..."

"ਰਵੀ, ਕੰਮ ਆਊਟ। ਮੁਜੇ ਡਾਜ ਕੀਆ, ਆਈ ਵਿੱਲ ਟੀਚ ਯੂ ਏ ਲੈਸਨ।"

"ਸਾਹਬ, ਮੈਂ ਡਾਜ..."

"ਯੂ ਸ਼ਟ ਅੱਪ, ਯੂ ਬ੍ਰੀਫੂਲਡ ਮੀ"

"ਨਹੀਂ ਸਾਹਬ। ਰਵੀ ਨੇ..."

"ਯੂ ਸ਼ਟ ਅੱਪ ਨਾਨਸੈਂਸ"

"ਯੂ ਫਾਈਵ ਮਾਈਲ, ਯੂ ਟੈਨ ਮਾਈਲ, ਜਸਟ ਨਾਉ" ਮੇਜਰ ਨੇ ਉਂਗਲੀ ਦੇ ਇਸ਼ਾਰੇ ਨਾਲ ਵਤਨੇ ਤੇ ਰਵੀ ਨੂੰ ਸਜ਼ਾ ਸੁਣਾਈ।

"ਸਟਾਰਟ..." ਮੇਜਰ ਚੀਖਿਆ।

"ਸਾਹਬ, ਹੀ..." ਰਵੀ ਨੇ ਕਹਿਣਾ ਚਾਹਿਆ।

'ਆਈ ਸੇ ਸੇਟਾਰਟ' ਨਾਲ ਪੂਰਾ ਵਾਤਾਵਰਨ ਗੂੰਜ ਉੱਠਿਆ।

ਰਵੀ ਨੇ ਭੱਜਣਾ ਸ਼ੁਰੂ ਕੀਤਾ ਪਰ ਵਤਨਾ ਬੁਖਾਰ, ਨਸ਼ੇ, ਅਪਮਾਨ ਤੇ ਗੁੱਸੇ ਨਾਲ ਬਲ ਰਿਹਾ ਸੀ। ਉਹ ਭੱਜ ਸਕਣ ਦੀ ਹਾਲਤ ਵਿਚ ਬਿਲਕੁਲ ਨਹੀਂ ਸੀ।

ਮੇਜਰ ਉਹਦੇ ਕੋਲ ਜਾ ਕੇ ਦਹਾੜਿਆ, "ਸਟਾਰਟ...।" ਵਤਨੇ ਨੇ ਮੇਜਰ ਨੂੰ ਦੇਖਿਆ ਤੇ ਥੰਮ੍ਹ ਬਣੇ ਖੜਾ ਰਿਹਾ।

'ਆਈ ਸੇ ਸਟਾਰਟ' ਕਹਿੰਦੇ ਹੋਏ ਮੇਜਰ ਨੇ ਹੱਥ 'ਚ ਫੜੇ ਰੂਲ ਨੂੰ ਪੂਰੇ ਜ਼ੋਰ ਨਾਲ ਵਤਨੇ ਦੀਆਂ ਪਿੰਡ-ਲੀਆਂ ਤੇ ਮਾਰਿਆ ਜਿਵੇਂ ਕਿਸੇ ਰਈਸ ਨੇ ਇਹ ਦੱਸਣ ਲਈ ਕਿ ਉਸਦਾ ਘੋੜਾ ਸੁਧਿਆ ਹੋਇਆ, ਆਗਿਆ-ਕਾਰੀ ਤੇ ਹਵਾ ਨਾਲ ਗੱਲਾਂ ਕਰਨ ਵਾਲਾ ਹੈ, ਆਪਣੇ ਮਹਿਮਾਨਾਂ ਨੂੰ ਬੁਲਾਇਆ ਹੋਏ ਤੇ ਘੋੜਾ ਦਰਦ ਦੇ ਮਾਰੇ ਉਨ੍ਹਾਂ ਸਾਹਵੇਂ ਚੱਲਣ ਤੋਂ ਇਨਕਾਰ ਕਰ ਰਿਹਾ ਹੋਵੇ ਅਤੇ ਰਈਸ ਅਪਮਾਨਤ ਜਿਹਾ ਮਹਿਸੂਸ ਕਰਦਾ ਹੋਇਆ ਤੇ ਆਪਣੇ ਅਪਮਾਨ ਤੋਂ ਬਚਣ ਲਈ ਘੋੜੇ ਨੂੰ ਚਾਬੁਕ ਮਾਰ ਰਿਹਾ ਹੋਵੇ।

ਵਤਨਾ ਦਰਦ ਨਾਲ ਕੁਰਲਾਉਂਦਾ ਹੋਇਆ ਥੋੜ੍ਹਾ ਭੱਜਿਆ...ਦਸ ਵੀਹ ਕਦਮ ਹੀ ਭੱਜਿਆ ਹੋਊ ਕਿ ਮਨ ਸਰੀਰ, ਦਿਮਾਗ ਜਵਾਬ ਦੇਣ ਲੱਗੇ।

ਡਿੱਗਦਿਆਂ-ਢਹਿੰਦਿਆਂ ਚਾਲੀ ਕਦਮ ਹੀ ਤਹਿ ਕੀਤੇ ਹੋਣਗੇ ਕਿ ਉਹਨੂੰ ਭੱਜਣਾ ਤਾਂ ਦੂਰ, ਖੜ੍ਹੇ ਰਹਿਣਾ ਵੀ ਅਸੰਭਵ ਲੱਗਣ ਲੱਗਾ। ਫਿਰ ਵੀ ਕਿਸੇ ਤਰ੍ਹਾਂ ਬੁੱਲ੍ਹਾਂ ਨੂੰ ਦੰਦਾਂ 'ਚ ਦਬਾ ਉਹ ਖੜਾ ਰਿਹਾ। ਰਵੀ ਮੁੜ ਮੁੜ ਕੇ ਵਤਨੇ ਨੂੰ ਦੇਖਦਾ ਰਿਹਾ ਤੇ ਲਗਾਤਾਰ ਭੱਜਦਾ ਰਿਹਾ।

ਮੇਜਰ ਫਿਰ ਵਤਨੇ ਦੇ ਕੋਲ ਆਇਆ, "ਓਬੇ ਮੀ, ਅਦਰਵਾਈਜ਼ ਆਈ ਸ਼ੈਲ ਮੇਕ ਯੂਅਰ ਲਾਈਫ ਹੈੱਲ। ਮਾਈਂਡ ਇੱਟ।"

ਵਤਨਾ ਤਿੰਨ ਕਦਮ ਹੋਰ ਚੱਲਿਆ। ਉਸ ਤੋਂ ਅੱਗੇ ਨਹੀਂ ਤੁਰ ਹੋਇਆ ਤਾਂ ਉਥੇ ਹੀ ਬੈਠ ਗਿਆ।

ਮੇਜਰ ਨੂੰ ਲੱਗ ਰਿਹਾ ਸੀ ਕਿ ਇਹ ਸਭ ਕੁੱਝ ਉਹਨੂੰ ਨੀਵਾਂ ਦਿਖਾਉਣ ਲਈ ਕੀਤਾ ਜਾ ਰਿਹਾ ਹੈ। ਉਹ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਇਕ ਰਾਊਂਡ ਤਾਂ ਪੂਰਾ ਹੋਵੇ, ਫਿਰ ਭਾਵੇਂ ਉਹ ਖੁਦ ਉਹਨੂੰ ਛੱਡ ਦਏ। ਪਲ ਭਰ ਲਈ ਉਹਨੂੰ ਲੱਗਾ ਕਿ ਹੋ ਸਕਦਾ ਹੈ ਕਿ ਜਵਾਨ ਵਾਕਿਆ ਹੀ ਬੀਮਾਰ ਹੋਏ। ਤੇ ਫਿਰ ਉਹ ਅਕਸਰ ਉਹਦੇ ਬੱਚਿਆਂ ਨੂੰ ਸਕੂਲ, ਘਰ ਛੱਡਣ ਜਾਂਦਾ ਰਿਹਾ ਹੈ। ਪਾਰਕ ਵਿਚ ਘੁਮਾਉਣ-ਲਿਜਾਂਦਾ ਰਿਹਾ ਹੈ। ਜਦੋਂ ਕੋਠੀ ਬਣ ਰਹੀ ਸੀ, ਤਦ ਇੱਟਾਂ, ਗਾਰਾ, ਮਿੱਟੀ ਢੋਂਹਦਾ ਰਿਹਾ ਹੈ। ਇੱਛਾ ਹੋਈ ਕਿ ਆਪਣਾ ਆਦੇਸ਼ ਵਾਪਸ ਲੈ ਲਵੇ। ਲੇਕਿਨ ਜਦ ਤੱਕ ਉਹ ਵਤਨੇ ਦੇ ਨੇੜੇ ਦੁਬਾਰਾ ਪਹੁੰਚਿਆ, ਮਨ ਹੀ ਮਨ ਉਹਦੀ ਨਜ਼ਰ ਲਿਸ਼ਕਾਂ ਮਾਰਦੀ ਵਰਦੀ, ਬੂਟਾਂ ਤੇ ਹੱਥ 'ਚ ਫੜੇ ਰੂਲ ਤੋਂ ਦੀ ਤਿਲਕਦੀ ਹੋਈ ਮੋਢੇ ਉਤੇ ਲਟਕਦੇ ਸ਼ੇਰ ਉਤੇ ਜਾ ਟਿਕੀ। ਸ਼ੇਰ ਦੇ ਨਾਲ ਇਕ ਸਟਾਰ ਦੀ ਕਲਪਨਾ ਕਰਦੇ ਹੀ ਉਸ ਨੇ ਸਿਰ ਨੂੰ ਇਕ ਝਟਕਾ ਜਿਹਾ ਦਿੱਤਾ, 'ਨੋ ਮਰਸੀ।' ਉਹ ਪੂਰੇ ਜ਼ੋਰ ਨਾਲ ਚੀਖਿਆ, 'ਓਬੇ ਮੀ' ਅਦਰਵਾਈਜ਼ ਆਈ ਵਿੱਲ ਸ਼ੂਟ ਯੂ" ਪੂਰਾ ਵਾਤਾਵਰਣ ਕੰਬ ਉੱਠਿਆ।

ਸਾਰਿਆਂ ਦੀਆਂ ਨਜ਼ਰਾਂ ਵਤਨੇ ਉਤੇ ਕੇਂਦਰਿਤ ਸਨ। ਇਸੇ ਵਿਚ ਰਵੀ ਦੋ ਰਾਊਂਡ ਪੂਰੇ ਕਰ ਚੁੱਕਾ ਸੀ। ਵਤਨੇ ਦੇ ਕੋਲੋਂ ਦੀ ਲੰਘਦਿਆਂ ਉਹਦੀ ਚਾਲ ਮੱਧਮ ਹੋ ਜਾਂਦੀ। ਰੁਕਣਾ ਚਾਹੁੰਦੇ ਹੋਏ ਵੀ ਨਾ ਰੁਕ ਸਕਣ ਦੀ ਮਜਬੂਰੀ ਤੋਂ ਆਤੁਰ ਉਹ ਭੱਜ ਰਿਹਾ ਸੀ। ਭੱਜਦਾ ਜਾ ਰਿਹਾ ਸੀ ਕਿ ਇਕਾ-ਇਕ ਠਿਠਕ ਗਿਆ।

ਜਦ ਮੇਜਰ ਵਾਰ ਵਾਰ ਦਹਾੜ ਰਿਹਾ ਸੀ, 'ਓਬੇ ਮੀ, ਅਦਰਵਾਈਜ਼ ਆਈ ਵਿੱਲ ਸ਼ੂਟ ਯੂ', ਵਤਨਾ ਕੰਨਾਂ

ਨੂੰ ਕੂਹਣੀਆਂ 'ਚ ਦਬਾ ਬੈਠਾ ਰਿਹਾ। ਅੱਖ ਪਲਕਾਰੇ 'ਚ ਹੀ ਉਹ ਉਠਿਆ, "ਯੂ ਕਿੱਲ ਮੀਂ, ਯੂ ਬੀਟ ਮੀਂ, ਆਈ ਕਾਂਟ ਓਬੇ, ਆਈ ਕਾਂਟ ਓਬੇ ਮੋਰ, ਯੂ ਕਿੱਲ ਮੀਂ, ਯੂ ਕਿੱਲ ਮੀਂ।" ਉਹਦਾ ਸਵਰ ਹਵਾਵਾਂ 'ਚ ਫੈਲ ਗਿਆ।

"ਯੂ ਮਾਈ ਫੁੱਟ, ਰਾਸਕਿਲ, ਯੂ ਬਲੱਡੀ, ਯੂ ਮੈਡ, ਯੂ ਸੋਨ" ਕਹਿੰਦਿਆਂ ਮੇਜਰ ਲੱਤਾਂ, ਮੁੱਕਿਆਂ ਤੇ ਰੂਲ ਨਾਲ ਵਤਨੇ ਨੂੰ ਮਾਰਦਾ ਹੋਇਆ ਚੀਖਿਆ, "ਗੈੱਟ ਹਿੱਮ ਮੈਡੀਕਲ ਐਗਜ਼ਾਮਿੰਡ।"

"ਸ਼ਿਵੂ ! ਉਸ ਸਮੇਂ ਮੇਜਰ ਦੀ ਹਾਲਤ ਦੇਖਣ ਹੀ ਵਾਲੀ ਸੀ, ਜੀਵਨ ਵਿਚ ਪਹਿਲੀ ਹਾਰ ਆਦਮੀ ਨੂੰ ਆਪਣੀਆਂ ਹੀ ਨਜ਼ਰਾਂ ਵਿਚ ਕਿੰਨਾ ਡੇਗ ਦਿੰਦੀ ਹੈ, ਇਹ ਮੇਜਰ ਦੀ ਹਾਲਤ ਤੋਂ ਬਾਖੂਬੀ ਸਮਝਿਆ ਜਾ ਸਕਦਾ ਸੀ।"

ਕਮਾਲ ਜਦ ਵਤਨੇ ਦੇ ਬਾਰੇ ਇਹ ਸਭ ਸੁਣ ਰਿਹਾ ਸੀ, ਇਸੇ ਵਿਚ ਸਜਵਾਣ, ਰਾਜ ਬਹਾਦੁਰ, ਸ਼ਿਰਿੰਗ ਦੋਰਜੇ ਵੀ ਟੈਂਟ ਵਿਚ ਆ ਚੁੱਕੇ ਸਨ।

"ਸਾਬੀ ! ਹਮ ਵਤਨ ਸ਼ਿੰਗ ਕਾ ਬਹੁਤ ਸ਼ੇਵਾ ਕੀਆ। ਜਦ ਵਤਨ ਸ਼ਿੰਗ ਕੋ ਮਾਲੂਮ ਹੂਆ ਕਿ ਤੰਦਰੁਸ਼ਤ ਹੋਤੇ ਹੀ ਉਸ ਪਰ ਗਰਾਊਂਡ ਕੋਰਟ ਮਾਰਸ਼ਲ ਕੀਆ ਜਾਏਗਾ, ਥੋ ਸੁੱਤੇ ਮੇਂ ਬੋਲਤਾ, 'ਸ਼ਾਹਬ, ਯੂ ਕਿੱਲ ਮੀਂ, ਯੂ ਕਿੱਲ ਮੀਂ। ਮੁਝ ਕੋ ਗੋਲੀ ਮਾਰ ਦੋ। ਵਤਨ ਸ਼ਿੰਗ ਬਹਾਦੁਰੀ ਕੀ ਮੌਤ ਮਰੇਗਾ, ਗੁਲਾਮੀ ਨਹੀਂ ਸ਼ਹੇਗਾ। ਅੱਚਾ ਹੂਆ ਕਿ ਵਤਨ ਸ਼ਿੰਗ ਅਸ਼ਪਤਾਲ ਮੇਂ ਹੀ ਮਰ ਗਯਾ। ਸ਼ਿਵ-ਚਰਨ ਕੋ ਬਹੁਤ ਯਾਦ ਕਰਤਾ ਥਾ।" ਏਨਾ ਕਹਿਕੇ ਸ਼ਿਰਿੰਗ ਦੋਰਜੇ ਬੁਖਾਰੀ ਸੇਕਣ ਲੱਗਾ।

"ਸਵੇਰੇ ਸਾਹਿਬ ਨੇ ਬੁਲਾਇਆ ਸੀ, ਕੀ ਕਿਹਾ ?"

"ਅਰੇ ਸ਼ਿਵੂ ਯਾਰ ! ਤੂੰ ਵੀ ਭੋਲਾ ਏਂ, ਜੋ ਬੜੇ ਸਾਹਬ ਨੇ ਕਿਹਾ ਸੀ,ਚੇਰੀਅਨ ਨੂੰ ਸਜ਼ਾ ਦੇਣ ਤੋਂ ਪਹਿਲਾਂ, ਉਹੀ ਕੈਪਟਨ ਸਾਹਿਬ ਨੇ ਦੁਹਰਾਇਆ ਸੀ। ਉਹੀ ਰਟੇ-ਰਟਾਏ ਸ਼ਬਦ ਕਿ ਰਵੀ ਸਾਨੂੰ ਸਭ ਨੂੰ ਮੇਜਰ ਦੇ ਖਿਲਾਫ ਭੜਕਾਉਂਦਾ ਸੀ ਕਿ ਰਵੀ ਸ਼ਰਾਬ ਪੀ ਕੇ ਸਾਨੂੰ ਗਾਲੀਆਂ ਦਿੰਦਾ ਸੀ, ਕਿ ਰਵੀ ਪਰਾਹਿਬਟਿਡ-ਲਿਟਰੇਚਰ ਪੜ੍ਹਿਆ ਕਰਦਾ ਸੀ, ਕਿ ਰਵੀ ਸਾਨੂੰ ਖਾਣਾ ਨਾ ਖਾਣ ਲਈ ਕਿਹਾ ਕਰਦਾ ਸੀ, ਕਿ ਰਵੀ ਸਾਹਿਬ ਦੀ ਹੁਕਮ-ਅਦੂਲੀ ਕਰਿਆ ਕਰਦਾ ਸੀ, ਕਿ ਰਵੀ ਸਾਨੂੰ ਜੂਆ ਖੇਲਣ ਲਈ ਪ੍ਰੇਰਿਤ ਕਰਿਆ ਕਰਦਾ ਸੀ। ਉਹ ਗੱਲ ਗੱਲ ਉਤੇ ਚਿੜ ਜਾਂਦਾ ਸੀ। ਮੇਜਰ ਹਲਕੀ ਜਿਹੀ ਸਜ਼ਾ ਦਿੰਦਾ ਤਾਂ ਮੰਨਣ ਤੋਂ ਇਨਕਾਰ ਕਰ ਦਿੰਦਾ। ਅਰੇ, ਕੀ ਕੀ ਨਹੀਂ ਕਿਹਾ ?"

"ਸਾਬੀ ! ਤੂੰ ਕੀ ਜਵਾਬ ਦਿੱਤਾ ?" ਕਮਾਲ ਨੇ ਪੁੱਛਿਆ।

"ਉਹੀ ਜੋ ਚੇਰੀਅਨ ਦੇ ਵਕਤ ਕਿਹਾ ਸੀ ਕਿ ਸਾਹਬ ਸਾਡੀ ਉਸ ਨਾਲ ਕਦੀ ਨਹੀਂ ਬਣਦੀ ਸੀ। ਉਹ ਸਾਡੇ ਟੈਂਟ ਵਿੱਚ ਆਉਂਦਾ ਹੀ ਨਹੀਂ ਸੀ, ਇਸ ਡਰ ਤੋਂ ਮੈਂ ਸਭ ਕੁੱਝ ਤੁਹਾਡੇ ਸਾਹਮਣੇ ਉੱਗਲ ਦਵਾਂਗਾ।" ਉਹ ਕਦੀ ਕਦੀ ਇਕ ਸ਼ਬਦ ਤੱਕ ਨਾ ਬੋਲਦਾ, ਸਿਵਾਏ ਹੂੰ-ਹਾਂ ਦੇ। ਸਾਨੂੰ ਇਸ ਗੱਲ ਦਾ ਜ਼ਰਾ ਵੀ ਅਹਿਸਾਸ ਨਹੀਂ ਸੀ ਕਿ ਉਹ ਇਹ ਸਭ ਕਰੇਗਾ, ਚੁੱਪ ਤਾਂ ਰਹਿੰਦਾ ਸੀ ਉਹ।"

ਉਸ ਰੋਜ਼ ਦਰਬਾਰ ਵਿਚ ਰਵੀ ਨੇ ਕਿਹਾ ਸੀ, "ਸਾਹਬ ! ਦਰਬਾਰ ਵਿਚ ਬੋਲਣ ਦੀ ਗੁਸਤਾਖੀ ਕਰ ਰਿਹਾ ਹਾਂ। ਇਹ ਭਲੀ ਭਾਂਤ ਜਾਣਦੇ ਹੋਏ ਕਿ ਇਸ ਦਾ ਸਿੱਟਾ ਕੀ ਹੋਏਗਾ, ਲੇਕਿਨ ਬੱਚਾ ਆਪਣੀ ਤਕਲੀਫ ਬਾਪ ਨੂੰ ਨਾ ਦੱਸੇ ਤਾਂ ਕਿਸ ਨੂੰ ਦੱਸੇ। ਆਪ ਕਿਸੇ ਵੀ ਜਵਾਨ ਤੋਂ ਪੁੱਛ ਲਵੋ, ਅੱਜ ਵਰਗਾ ਵਧੀਆ ਖਾਣਾ ਕੀ ਰੋਜ਼ ਮਿਲਦਾ ਹੈ ਸਾਨੂੰ?ਖੀਰ ਦੀ ਪਲੇਟ ਦੀ ਤਾਂ ਗੱਲ ਹੀ ਛੱਡੋ, ਲੇਕਿਨ ਦਾਲੇ ਸਬਜ਼ੀ ਵਿਚ ਜੋ ਕੰਕਰ ਦੰਦਾਂ ਵਿਚ ਵੱਜਦੇ ਨੇ, ਅੱਧੀ ਕੱਚੀ ਅੱਧੀ ਪੱਕੀ ਰੋਟੀ ਖ਼ਾਣ ਨਾਲ ਪੇਟ ਵਿਚ ਜੋ ਪੀੜ ਹੁੰਦੀ ਹੈ,ਉਸ ਬਾਰੇ ਜਦ ਕੋਈ ਜਵਾਨ ਸ਼ਿਕਾਇਤ ਲੈ ਕੇ ਓ. ਸੀ. ਸਾਹਬ ਦੇ ਕੋਲ ਜਾਂਦਾ ਹੈ ਤਾਂ ਦੂਸਰੇ ਦਿਨ ਉਸ ਜਵਾਨ ਨੂੰ ਪਿੱਠੂ ਲਗਾਉਣ ਦੀ ਸਜ਼ਾ ਮਿਲਦੀ ਹੈ। ਇਸ ਗੱਲ ਦੀ ਆੜ ਲੈਕੇ ਕਿ ਉਸ ਦੀ ਕਮੀਜ਼ ਦੇ ਬਟਨ ਸੋਧ ਵਿਚ ਨਹੀਂ ਹਨ। ਆਪ ਹੀ ਤਾਂ ਕਹਿੰਦੇ ਹੋ ਕਿ ਕਿਸੇ ਜਵਾਨ ਤੋਂ ਅਰਦਲੀ ਡਿਊਟੀ ਨਹੀਂ ਲਈ ਜਾਏਗੀ। ਅਸੀਂ ਆਪਦੀ ਹੀ ਬਾਤ ਦੁਹਰਾਉਂਦੇ ਹਾਂ ਤਾਂ ਗਰ ਊਂਡ ਕੋਰਟ ਮਾਰਸ਼ਲ ਦਾ ਚਾਬੁਕ ਸਾਡੀਆਂ ਪਿੱਠਾਂ ਉਤੇ ਵਰ੍ਹਦਾ ਹੈ। ਬੇਕਸੂਰ ਬੀਮਾਰ ਜਵਾਨ ਨੂੰ ਸਜ਼ਾ ਦੇਣਾ ਹੀ ਜੇਕਰ ਅਨੁਸ਼ਾਸਨ ਹੈ ਤਾਂ ਅਸੀਂ ਇਸ ਨੂੰ ਵੀ ਸਵੀਕਾਰ ਕਰਦੇ ਹਾਂ, ਬਸ਼ਰਤੇ ਭਰਤੀ ਕਰਦੇ ਸਮੇਂ ਸਾਨੂੰ ਇਸ ਗੱਲੋਂ ਵੀ ਵਾਕਫ਼ ਕਰਵਾਇਆ ਜਾਏ ਕਿ ਤੁਸੀਂ ਫੌਜ ਵਿਚ ਪੜ੍ਹ-ਲਿਖ ਨਹੀਂ ਸਕਦੇ, ਨਾ ਹੀ ਕੁੱਝ ਬੋਲ ਸਕਦੇ ਹੋ; ਸਿਰਫ ਸੁਣ ਸਕਦੇ ਹੋ, ਸਿਰਫ਼ ਸੁਣ ਸਕਦੇ ਹੋ: ਆਰਡਰ, ਗਾਲੀਆਂ, ਸਜ਼ਾਵਾਂ, ਮੂਵ, ਰੀ-ਟਰੀਟ।"

"ਸਟਾਪ" ਬ੍ਰਗੇਡੀਅਰ ਨੇ ਥੋੜਾ ਗੁੱਸੇ ਵਿੱਚ ਕਿਹਾ, "ਤੁਮ ਅਪਨੀ ਤਕਲੀਫ ਪਰ ਆਓ, ਇਨ ਕੀ ਵਕਾਲਤ ਮੱਤ ਕਰੋ।"

"ਸਾਹਬ ! ਇੱਕ ਨਿਸਚਤ ਸਮੇਂ ਤੋਂ ਬਾਦ ਜੇਕਰ ਅਸੀਂ ਚਾਹੀਏ ਤਾਂ ਨੌਕਰੀ ਛੱਡ ਸਕੀਏ।

"ਸਰ ਵੀ ਆਰ ਗੈਟਿੰਗ ਲੇਟ" ਮੇਜਰ ਨੇ ਨਿੰਮ੍ਰਤਾ ਪੂਰਵਕ ਬ੍ਰਗੇਡੀਅਰ ਨੂੰ ਕਿਹਾ।

'ਇਟਸ ਆਲ ਨਾਊ' ਕਹਿੰਦੇ ਹੋਏ ਬ੍ਰਗੇਡੀਅਰ ਸਾਹਬ ਉੱਠ ਖਲੋਤੇ।

ਪੂਰੇ ਰਾਹ ਮੇਜਰ ਸਾਹਿਬ ਨੂੰ ਦੱਸਦੇ ਰਹੇ ਕਿ 'ਸਰ ਡਸਿਪਲਿਨ ਬਰਕਰਾਰ ਰੱਖਣ ਲਈ ਥੋੜੀ ਬਹੁਤ ਸਖਤੇ-

ਸ਼ਨ ਤਾਂ ਹੋ ਹੀ ਜਾਂਦੀ ਹੈ। ਅਦਰਵਾਈਜ਼ ਆਈ ਟੇਕ ਐਵਰੀ ਕੇਅਰ ਟੂ ਫੈਸੀਲੀਟੇਟ ਐਂਡ ਕੀਪ ਦਿੱਸ ਫਿੱਟ।'

ਸਾਰੇ ਖਾਮੋਸ਼ ਸਨ, ਫਿਰ ਬੁਖ਼ਾਰੀ ਦੀ ਆਵਾਜ਼ ਕੰਨਾਂ 'ਚ ਗੁਰਰਾ ਰਹੀ ਸੀ। ਸਾਰੇ ਇਕ-ਦੂਸਰੇ ਦੇ ਚਿਹਰੇ ਉੱਤੇ ਆ-ਜਾ ਰਹੇ ਭਾਵਾਂ ਨੂੰ ਪੜ੍ਹਨ 'ਚ ਵਿਅਸਤ ਸਨ ਕਿ ਤਦ ਹੀ ਕਮਾਲ ਨੇ ਇਸ਼ਾਰੇ ਨਾਲ ਸਾਰਿਆਂ ਨੂੰ ਹੋਰ ਨਜ਼ਦੀਕ ਆ ਜਾਣ ਲਈ ਕਿਹਾ। ਉਸ ਨੇ ਖੁਦ ਉੱਠ ਕੇ ਦਰਵਾਜ਼ਾ ਬੰਦ ਕੀਤਾ। ਬਰਨਰ ਨੂੰ ਹੋਰ ਤੇਜ਼ ਕੀਤਾ। ਬੁਖ਼ਾਰੀ ਭੜ-ਭੜ ਕਰਕੇ ਹੋਰ ਤੇਜ਼ ਚੱਲਣ ਲੱਗੀ। ਉਸ ਨੇ ਬੈਲਟ ਨੂੰ ਢਿੱਲਾ ਕੀਤਾ। ਕਮੀਜ਼ ਦੇ ਥੱਲਿਓਂ ਕਾਗਜ਼ਾਂ ਦਾ ਇਕ ਪੁਲੰਦਾ ਕੱਢਿਆ, ਟੇਬਲ ਲੈਂਪ ਦੀ ਰੌਸ਼ਨੀ ਮੱਧਮ ਕਰਕੇ ਉਹਨੂੰ ਨੇੜੇ ਕਰ ਲਿਆ। ਅਸੀਂ ਸਾਰੀਆਂ ਨੇ ਗੋਲ ਦਾਇਰਾ ਬਣਾ ਲਿਆ, ਜਿਵੇਂ ਕਿ ਲੜਾਈ ਦੇ ਦਿਨਾਂ ਵਿਚ ਰਾਤ ਨੂੰ ਨਕਸ਼ਾ ਵੇਖਣ ਲਈ ਬਣਾਇਆ ਕਰਦੇ ਸਾਂ।

ਕਮਾਲ ਨੇ ਪੜ੍ਹਨਾ ਸ਼ੁਰੂ ਕੀਤਾ, "ਅਸੀਂ ਜੋ ਵੀ ਕਹਿਣਾ ਜਾਂ ਦੱਸਣਾ ਚਾਹੁੰਦੇ ਹਾਂ, ਅਨੁਸ਼ਾਸਨ ਉਸ ਦੀ ਇਜਾਜ਼ਤ ਨਹੀਂ ਦਿੰਦਾ। ਅਸੀਂ ਸੋਚਣ ਲਈ ਮਜਬੂਰ ਹਾਂ ਕਿ ਜੋ ਅਨੁਸ਼ਾਸਨ ਸਾਨੂੰ ਇਹ ਦੱਸਣ ਲਈ ਵੀ ਕਿ ਸਾਨੂੰ ਢੰਗ ਦਾ ਖਾਣਾ ਨਹੀਂ ਮਿਲਦਾ, ਕਿ ਸਾਥੋਂ ਅਰ-ਦਲੀ ਡਿਊਟੀ ਸੰਭਵ ਨਹੀਂ ਹੈ, ਕਿ ਸਾਨੂੰ ਗਰਮੀਆਂ 'ਚ ਗਰਮੀ ਤੇ ਸਰਦੀਆਂ 'ਚ ਸਰਦੀ ਲਗਦੀ ਏ, ਕਿ ਸਾਡੀ ਬੀਵੀ ਬੀਮਾਰ ਹੈ, ਸਾਡਾ ਮੁੰਨਾ ਮਰ ਗਿਆ ਹੈ, ਛੁੱਟੀ ਚਾਹੀਦੀ ਹੈ, ਪਰ ਪੰਜ-ਦਸ ਮੀਲ ਦੀ ਰੇਸ, ਅਠਾਈ ਦਿਨਾਂ ਦੀ ਕੁਆਟਰ-ਗਾਰਡ, ਗਰਾਊਂਡ ਕੋਰਟ ਮਾਰਸ਼ਲ ਦੀ ਸਜ਼ਾ ਦਿੰਦਾ ਹੈ, ਉਸ ਅਨੁਸ਼ਾਸਨ ਨੂੰ ਅਸੀਂ ਆਖਰ ਕਦੋਂ ਤੱਕ ਝੇਲਦੇ ਰਹਾਂਗੇ। ਬੰਧੂਆ ਮਜ਼ਦੂਰੀ ਦੇ ਲਈ ਕਾਨੂੰਨ ਹੈ, ਪਰ ਜੋ ਜਵਾਨ ਇਕ ਵਾਰ ਫ਼ੌਜ 'ਚ ਭਰਤੀ ਹੋ ਜਾਂਦਾ ਹੈ, ਜ਼ਿੰਦਗੀ ਭਰ ਫ਼ੌਜ ਨਹੀਂ ਛੱਡ ਸਕਦਾ, ਫ਼ੌਜ 'ਚ ਰਹਿ ਕੇ ਵਤਨੇ ਦੀ ਤਰ੍ਹਾਂ ਭੋਰਾ-ਭੋਰਾ ਮਰ ਸਕਦਾ ਹੈ ਚੇਰੀਅਨ ਦੀ ਤਰ੍ਹਾਂ ਤਕਲੀਫ ਨਹੀਂ ਬਿਆਨ ਕਰ ਸਕਦਾ, ਛੁੱਟੀ ਨਹੀਂ ਮੰਗ ਸਕਦਾ, ਇਸ ਨੂੰ ਤੁਸੀਂ ਕੀ ਆਖੋਗੇ ? ਅਨੁ...ਸ਼ਾਸਨ ?"

ਅਸੀਂ ਤੰਗੀਆਂ-ਤੁਰਸ਼ੀਆਂ ਵਿਚ ਜੀਉਂਦੇ ਹਾਂ, ਪਲਦੇ ਹਾਂ, ਦੁੱਖ ਤਕਲੀਫਾਂ 'ਚ ਵੀ ਜੀਉਂਦੇ ਰਹਿੰਦੇ ਹਾਂ, ਕਿਉਂਕਿ ਸਾਡੇ ਵਿਚ ਵੀ ਇਕ ਆਤਮਾ ਹੈ, ਜੋ ਸਾਨੂੰ ਮਰਨ ਨਹੀਂ ਦਿੰਦੀ, ਜੋ ਜ਼ੁਲਮ ਤੇ ਜ਼ੁਲਮ ਸਹਿੰਦੀ ਹੈ, ਸਿਰ ਤੋਂ ਪਾਣੀ ਲੰਘ ਜਾਣ ਦੀ ਸਥਿਤੀ ਤੱਕ ਸਹਿੰਦੀ ਹੈ, ਫਿਰ ਉਨ੍ਹਾਂ ਜ਼ੁਲਮਾਂ ਦੇ ਰੂਬਰੂ ਖੜੀ ਹੁੰਦੀ ਹੈ। ਗਰਾਊਂਡ ਦੇ ਕਿਨਾਰੇ ਵਾਲਾ ਰੁੱਖ ਉਹੀਓ ਹੈ। ਉਸਦੀਆਂ ਦੋ ਮੋਟੀਆਂ ਟਾਹਣੀਆਂ ਨਾਲ ਹਰ ਰੋਜ਼ ਦੋ ਬੰਦੂਕਾਂ ਟੰਗੀਆਂ ਜਾਂਦੀਆਂ ਹਨ, ਜਵਾਨ ਦੇ ਦੋ ਹੱਥ ਉਨ੍ਹਾਂ ਨੂੰ ਫੜੀ ਰੱਖਦੇ ਹਨ, ਉਸ ਦੇ ਪੈਰ ਉਤਾਂਹ ਉੱਠੇ ਰਹਿੰਦੇ ਨੇ, ਸਿਰਫ ਉਂਗਲੀਆਂ ਹੀ ਜ਼ਮੀਨ ਨੂੰ ਛੂਹਦੀਆਂ ਹਨ, ਘੰਟਿਆਂ ਬੱਧੀ ਉਸ ਨੂੰ ਇਸ ਸਥਿੱਤੀ 'ਚ ਰਖਿਆ ਜਾਂਦਾ ਹੈ। ਉਂਗਲੀਆਂ ਟੁੱਟਣ ਦੀ ਹੱਦ ਤੱਕ ਮੁੜਦੀਆਂ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਕਦੀ ਉਹ ਉਂਗਲੀਆਂ ਵਤਨੇ ਦੀਆਂ ਹੁੰਦੀਆਂ ਨੇ, ਕਦੀ ਚੇਰੀਅਨ ਦੀਆਂ। ਕਦੀ ਜਾਰਜ ਦੀਆਂ ਤੇ ਕਦੀ ਯੂਨਸ ਦੀਆਂ। ਅਤੇ ਫਿਰ ਅਕਸਰ ਮੇਰੀਆਂ ਉਂਗਲਾਂ ਜ਼ਮੀਨ ਨੂੰ ਨਾਪਦੀਆਂ ਸਨ ਤਾਂ ਮੇਰੇ ਹੱਥ ਉਚਾਈ ਨਾਪਦੇ ਸਨ। ਅਤੇ ਮੈਂ ਸੋਚਿਆ ਕਰਦਾ ਸਾਂ ਕਿ ਜਦ ਮੈਂ ਨਹੀਂ ਰਹਾਂਗਾ ਤਾਂ ਕਿਸੇ ਹੋਰ ਦੀਆਂ ਉਂਗਲਾਂ ਏਸੇ ਤਰ੍ਹਾਂ ਟੁੱਟਣ ਦੀ ਹੱਦ ਤੱਕ ਮੁੜ-ਦੀਆਂ ਰਹਿਣਗੀਆਂ।

ਵਤਨੇ ਤੇ ਚੇਰੀਅਨ ਦਾ ਮਰਨਾ ਸਾਨੂੰ ਅਥਾਹ ਪੀੜਾ ਦਿੰਦਾ ਰਿਹਾ ਹੈ। ਉਸ ਪੀੜਾ ਨਾਲ ਅਸੀਂ ਬੇਹਾਲ ਹੁੰਦੇ ਰਹੇ ਹਾਂ। ਕਿੰਨੇ ਕਿੰਨੇ ਦਿਨ ਨੀਂਦ ਨਾ ਪੈਂਦੀ। ਮੇਜਰ ਇਸੇ ਨੂੰ ਆਪਣੀ ਜਿੱਤ ਸਮਝਦਾ। ਉਹ ਸੋਚਦਾ ਕਿ ਇਸ ਤਰ੍ਹਾਂ ਅਨੁਸ਼ਾਸਨ ਦੇ ਨਾਂ ਉਤੇ ਉਹ ਸਭਨਾਂ ਦੇ ਮੂੰਹ ਬੰਦ ਕਰ ਦਏਗਾ। ਭਗਤ ਸਿੰਘ, ਸੁਭਾਸ਼ ਬੋਸ ਦੀਆਂ ਮੂਰਤੀਆਂ ਬਜ਼ਾਰਾਂ 'ਚ ਸਥਾਪਿਤ ਹਨ। ਲੋਕ ਤੇ ਸਰਕਾਰ ਜਿਨ੍ਹਾਂ ਦੇ ਦਿਵਸ ਮਨਾਉਂਦੇ ਹਨ, ਫੌਜ ਵਿਚ ਉਨ੍ਹਾਂ ਦੀ ਜੀਵਨ-ਗਾਥਾ ਤੇ ਵਿਚਾਰਧਾਰਾ ਨੂੰ ਪ੍ਰਚਿਤ ਕਰਨਾ ਵਰਜਿਤ ਹੈ। ਮੇਜਰ, ਜਿਸ ਤੋਂ ਅਸੀਂ ਸਾਰੇ ਪਲੇਗ ਦੀ ਤਰ੍ਹਾਂ ਘਬਰਾਉਂਦੇ ਤੇ ਨਫ਼ਰਤ ਕਰਦੇ ਰਹੇ ਹਾਂ, ਨੂੰ ਨਿਸ਼ਾਨਾ ਬਣਾਉਣ ਦਾ ਇਕੋ ਹੀ ਮੰਤਵ ਹੈ ਕਿ ਦਰਬਾਰ ਦੇ ਨਾਂ ਉਤੇ ਜੋ ਨਾਟਕ ਹੁੰਦਾ ਹੈ, ਉਸ ਤੋਂ ਅਸੀਂ ਸਾਰੇ ਵਾਕਫ਼ ਹਾਂ। ਜਵਾਨ ਜੋ ਦੂਸਰੀ ਫ਼ੌਜ ਦੇ ਜਵਾਨ ਨੂੰ ਮਾਰਨ ਦੀ ਹਿੰਮਤ ਰਖਦਾ ਹੈ, ਉਹ ਜ਼ੁਲਮ ਦੇ ਖਿਲਾਫ ਵੀ ਉਸੇ ਸ਼ਿੱਦਤ ਨਾਲ ਲੜ ਸਕਦਾ ਹੈ। ਸਾਨੂੰ ਅਨੁਸ਼ਾਸਨ ਚਾਹੀਦਾ ਹੈ, ਪਰ ਗਰਾਊਂਡ ਕੋਰਟ ਮਾਰਸ਼ਲ ਦੇ ਰੂਪ 'ਚ ਤਸ਼ੱਦਦ ਨਹੀਂ, ਸਾਨੂੰ ਅਨੁਸ਼ਾਸਨ ਤਾਂ ਚਾਹੀਦਾ ਹੈ ਲੇਕਿਨ ਇਹ ਅਹਿਸਾਸ ਨਹੀਂ ਕਿ ਆਦਮੀ..."

ਅਚਾਨਕ ਦਰਵਾਜ਼ੇ ਉਤੇ ਖੜਾਕ ਹੋਇਆ। ਅਨੁਮਾਨ ਲਾਉਣ 'ਚ ਦੇਰ ਨਾ ਲੱਗੀ ਕਿ ਹੋ ਨਾ ਹੋ ਦਰਵਾਜ਼ੇ ਦੇ ਬਾਹਰ ਕੈਪਟਨ ਸਾਹਿਬ ਨੇ। ਕਮਾਲ ਨੇ ਝੱਟ ਕਾਗਜ਼ਾਂ ਦਾ ਪੁਲੰਦਾ ਬੁਖ਼ਾਰੀ ਦੇ ਹਵਾਲੇ ਕਰ ਦਿੱਤਾ।

ਅੰਦਰ ਵੜਦਿਆਂ ਹੀ ਕੈਪਟਨ ਸਾਹਿਬ ਨੇ ਪੁੱਛਿਆ, ਕਿਆ ਕਰ ਰਹੇ ਥੇ ?"

"ਬੁਖ਼ਾਰੀ ਸੇਕ ਰਹੇ ਸਾਂ" ਕਮਾਲ ਨੇ ਉਤਰ ਦਿੱਤਾ।

"ਸਭੀ ਕੋ ਅਪਨੇ ਅਪਨੇ ਟੈਂਟ ਮੇਂ ਰਹਨੇ ਕੋ ਬੋਲਾ

ਥਾ ਕਿ ਨਹੀਂ ?"

ਸਾਡੇ ਕੋਲ ਬੁਖਾਰੀ ਜਲਾਨੇ ਲਈ ਨਹੀਂ ਹੈ" ਰਾਜ ਬਹਾਦੁਰ ਜੋ ਹੁਣ ਤੱਕ ਖਾਮੋਸ਼ ਸੀ, ਇਕ ਦਮ ਬੋਲਿਆ

"ਐਮ. ਟੀ. ਸੇ ਜਾਕਰ ਜਰੀਕੇਨ ਉਠਾ ਕਰ ਲੇ ਆਓ।"

"ਰਾਈਟ ਸਰ"

"ਜੋ ਤਕਲੀਫ ਹੈ, ਹਮ ਸੇ ਆਕਰ ਬੋਲੋ" ਕਹਿੰਦੇ ਹੋਏ ਕੈਪਟਨ ਸਾਹਿਬ ਬਾਹਰ ਚਲੇ ਗਏ।

ਕੁੱਝ ਦਿਨਾਂ ਤੱਕ ਤਾਂ ਰਵੀ ਦੇ ਬਾਰੇ ਕੋਈ ਖ਼ਬਰ ਨਾ ਮਿਲੀ। ਪਹਿਲੇ ਪਹਿਲ ਅਫ਼ਵਾਹਾਂ ਦੇ ਰੂਪ 'ਚ ਕੁੱਝ ਖਬਰਾਂ ਮਿਲੀਆਂ। ਫਿਰ ਸਹਿਜੇ ਸਹਿਜੇ ਖਬਰਾਂ ਕੰਨੋਂ-ਕੰਨ ਸਾਡੇ ਤੱਕ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸੁਨਣ 'ਚ ਆਇਆ ਕਿ ਰਵੀ ਉਤੇ ਮੇਜਰ ਨੂੰ ਕਤਲ ਕਰਨ ਦਾ ਕੇਸ ਚੱਲਿਆ ਕਿ ਕੋਰਟ ਆਫ਼ ਇਨਕੁਆਰੀ ਵਿਚ ਸਿਰਫ ਦੋ ਜਵਾਨਾਂ ਨੇ ਰਵੀ ਦੇ ਵਿਰੁੱਧ ਲਗਾਏ ਗਏ ਇਲਜ਼ਾਮਾਂ ਦੀ ਤਰਦੀਦ ਕੀਤੀ,ਕਿ ਰਵੀ ਦੀਆਂ ਮਿਲਟਰੀ ਕੋਰਟ ਵਿਚ ਗਰਾਊਂਡ ਕੋਰਟ ਮਾਰਸ਼ਲ ਨੂੰ ਲੈਕੇ ਤਿੱਖੀਆਂ ਝੜਪਾਂ ਹੋਈਆਂ, ਮੁਕੱਦਮਾ ਮਿਲਟਰੀ ਕੋਰਟ ਤੋਂ ਹੁੰਦਾ ਹੋਇਆ ਸਿਵਲ ਕੋਰਟ ਵਿਚ ਪੁੱਜਾ, ਰਵੀ ਨੇ ਮਿਲਟਰੀ ਅਧਿਕਾਰੀਆਂ ਦੀਆਂ ਕਰਤੂਤਾਂ ਦਾ ਕੋਰਟ ਵਿਚ ਖੁਲੇਆਮ ਪਰਦਾ-ਫਾਸ਼ ਕੀਤਾ। ਵਿਰੋਧੀ ਵਕੀਲ ਨਾਲ ਘੰਟਿਆਂ-ਬੱਧੀ ਬਹਿਸਾਂ ਹੋਈਆਂ,ਜੱਜ ਨੂੰ ਅਕਸਰ ਆਰਡਰ-ਆਰਡਰ ਦਾ ਹਥੌੜਾ ਪਿੱਟਣਾ ਪਿਆ, ਮੁਕੱਦਮੇ ਦੀ ਕਾਰਵਾਈ ਵੀ ਗੁਪਤ ਰੂਪ ਵਿਚ ਚਲਾਈ ਗਈ ਤੇ ਫਿਰ ਇੱਕ ਦਿਲ ਦਹਿਲਾ ਦੇਣ ਵਾਲੀ ਖਬਰ ਮਿਲੀ ਕਿ ਸਿਵਲ ਕੋਰਟ ਨੇ ਰਵੀ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਹੈ, ਇਸ ਬਿਨ੍ਹਾ ਉਤੇ ਕਿ ਉਸ ਨੇ ਜਾਣਦੇ ਬੁੱਝਦੇ ਹੋਏ ਵੀ ਕਾਨੂੰਨ ਨੂੰ ਆਪਣੇ ਹੱਥਾਂ 'ਚ ਲਿਆ। ਉਸਦੇ ਵਿਰੁੱਧ ਲਾਏ ਗਏ ਅਨੇਕਾਂ ਦੋਸ਼ ਨਿਰ-ਆਧਾਰ ਪਾਏ ਗਏ। ਅਤੇ ਇਹ ਕਿ ਨਿਆਂ ਆਲਿਆਂ ਨੇ ਗਰਾਊਂਡ ਕੋਰਟ ਮਾਰਸ਼ਲ ਦੀ ਸਜ਼ਾ ਸਦਾ-ਸਦਾ ਲਈ ਖ਼ਤਮ ਕਰ ਦਿੱਤੀ ਹੈ।

ਸਾਡੀ ਯੂਨਿਟ ਨੂੰ ਜਿਸ ਦਿਨ ਇਹ ਖ਼ਬਰ ਮਿਲੀ ਕਿ ਹਾਈ-ਕੋਰਟ ਨੇ ਵੀ ਹੇਠਲੇ-ਕੋਰਟ ਦੀ ਸਜ਼ਾ ਨੂੰ ਬਰ-ਕਰਾਰ ਰੱਖਿਆ ਹੈ, ਉਸ ਦੁਪਹਿਰ ਯੂਨਿਟ 'ਚ ਮੌਤ ਛਾ ਗਈ। ਕਿਸੇ ਜਵਾਨ ਨੇ ਖਾਣਾ ਨਹੀਂ ਖਾਧਾ। ਸੈਨਾ ਵਿਚ ਖਾਣਾ ਨਾ ਖਾਣਾ ਸੰਗੀਨ ਜੁਰਮ ਹੈ ਪਰ ਹੈਰਾਨੀ ਦੀ ਗੱਲ ਸੀ ਕਿ ਜਿਥੇ ਸਾਰਿਆਂ ਦੇ ਚਿਹਰਿਆਂ ਉਤੇ ਜਾਨ-ਵਾਰੂ ਸਾਥੀ ਨੂੰ ਖੋਣ ਦਾ ਅਸੀਮ ਦੁੱਖ ਸੀ, ਉਥੇ ਕਿਸੇ ਤਰ੍ਹਾਂ ਦਾ ਕੋਈ ਡਰ ਕਿਧਰੇ ਨਹੀਂ ਸੀ। ੦

## ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਸਵਾਲ ੦ ਕਰਮ ਬਰਸਟ

ਪੰਜਾਬ ਵਿਚ ਇਸ ਸਮੇਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਸਬੰਧੀ ਬਹਿਸ ਜਾਰੀ ਹੈ। ਅਕਾਲੀ ਸਰਕਾਰ ਦੇ ਹੋਂਦ ਵਿਚ ਆਉਣ ਅਤੇ ਪਟਿਆਲੇ ਵਿਚ ਉੱਤਰੀ ਭਾਰਤ ਦਾ ਖੇਤਰੀ ਸਭਿਆਚਾਰਕ ਕੇਂਦਰ ਸਥਾਪਤ ਹੋਣ ਪਿਛੋਂ, ਇਸ ਬਹਿਸ ਨੂੰ ਨਵਾਂ ਹੁਲਾਰਾ ਮਿਲਿਆ ਹੈ। ਪੰਜਾਬ ਅਤੇ ਭਾਰਤ ਦੇ ਬਹੁਤ ਸਾਰੇ ਰਾਜਨੀਤਕਾਂ, ਕਲਾਕਾਰਾਂ ਅਤੇ ਬੁਧੀਜੀਵੀਆਂ ਨੇ ਇਸ ਕੇਂਦਰ ਨੂੰ ਰਾਜੀਵ ਗਾਂਧੀ ਦੀ "ਦਿਆਲਤਾ" ਅਤੇ "ਪੰਜਾਬ ਲਈ ਤੋਹਫਾ" ਕਹਿ ਕੇ ਪ੍ਰਚਾਰਿਆ ਹੈ। ਕੁਝ "ਅਗਾਂਹਵਧੂ" ਬੁੱਧੀਜੀਵੀ ਵੀ ਇਸ ਪ੍ਰਾਪਤੀ ਨਾਲ ਕੀਲੇ ਗਏ ਹਨ, ਜਿਹੜੇ ਇਸ ਕੇਂਦਰ ਨੂੰ "ਗੁੰਗੀਆਂ ਸਭਿਆਚਾਰਕ ਪਛਾਣਾਂ" ਨੂੰ ਜ਼ਬਾਨ ਦੇਣ ਦਾ ਵਸੀਲਾ ਮੰਨ ਬੈਠੇ ਹਨ। ਸਾਡੇ ਲਈ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਦਰੁਸਤ ਪਹੁੰਚ ਅਪਨਾਉਂਦੇ ਹੋਏ, ਇਸ ਮਸਲੇ ਦਾ ਵਿਗਿਆਨਕ ਅਧਿਐਨ ਕਰੀਏ।

ਭਾਸ਼ਾ ਅਤੇ ਸਭਿਆਚਾਰ ਦਾ ਆਪਸ ਵਿਚ ਗੂੜ੍ਹਾ ਰਿਸ਼ਤਾ ਹੈ। ਕਿਸੇ ਵੀ ਸਮਾਜ ਦੇ ਸਭਿਆਚਾਰ ਦੀ ਉਨਤੀ ਲਈ, ਉਸਦੀ ਭਾਸ਼ਾ ਦੀ ਉਨਤੀ ਬਹੁਤ ਜ਼ਰੂਰੀ ਹੈ। ਲੇਕਿਨ ਭਾਸ਼ਾ ਆਪਣੇ ਆਪ ਵਿਚ ਸਭਿਆਚਾਰ ਨਹੀਂ, ਸਗੋਂ ਸਭਿਆਚਾਰ ਦਾ ਇਕ ਅੰਗ ਮਾਤਰ ਹੈ। ਇਸ ਲਈ ਭਾਸ਼ਾ ਦੀ ਉਨਤੀ ਦੇ ਸਵਾਲ ਨੂੰ, ਸਭਿਆਚਾਰ ਦੀ ਉਨਤੀ ਦੇ ਸਵਾਲ ਨਾਲ ਰਲਗੱਡ ਨਹੀਂ ਕਰਨਾ ਚਾਹੀਦਾ। ਸਭਿਆਚਾਰ, ਕਿਸੇ ਸਮਾਜ ਦੇ ਸੁਪਰ-ਸਟਰੱਕਚਰ ਦਾ ਹਿੱਸਾ ਹੈ, ਜਿਹੜਾ ਉਸਦੇ ਆਰਥਕ ਅਧਾਰ ਉਤੇ ਕਾਬਜ ਜਮਾਤਾਂ ਦੇ ਹਿੱਤਾਂ ਦੀ ਪੂਰਤੀ ਕਰਦਾ ਹੈ। ਪਰ ਭਾਸ਼ਾ ਦਾ ਸਬੰਧ ਕਿਸੇ ਖਾਸ ਜਮਾਤ ਨਾਲ ਨਾ ਹੋ ਕੇ ਸਮੁੱਚੇ ਲੋਕਾਂ ਨਾਲ ਹੁੰਦਾ ਹੈ। ਅੱਜ ਜਦੋਂ ਅਸੀਂ ਪੰਜਾਬੀ ਭਾਸ਼ਾ ਦੀ ਉਨਤੀ ਦੀ ਮੰਗ ਕਰਦੇ ਹਾਂ, ਤਾਂ ਇਸਦਾ ਮਤਲਬ ਕਦੇ ਵੀ ਪੰਜਾਬੀ ਸਭਿਆਚਾਰ ਦੀ ਉਨਤੀ ਦੀ ਮੰਗ ਨਹੀਂ ਹੈ।

ਭਾਸ਼ਾ, ਮਨੁੱਖੀ ਲੋੜਾਂ ਦੇ ਆਦਾਨ ਪ੍ਰਦਾਨ ਦਾ ਸਭ ਤੋਂ ਅਹਿਮ ਸਾਧਨ ਹੈ। ਇਸਦੇ ਨਾਲ ਹੀ ਭਾਸ਼ਾ ਕੋਈ ਰੱਬੀ ਦਾਤ ਨਹੀਂ ਹੈ,ਸਗੋਂ ਮਨੁੱਖ ਦੀਆਂ ਪੈਦਾਵਾਰੀ ਅਤੇ ਸਮਾਜਕ ਲੋੜਾਂ ਦੀ ਪੂਰਤੀ ਦੇ ਸਿੱਟੇ ਵਜੋਂ ਹੋਂਦ ਵਿਚ ਆਈ ਹੈ। ਇਹ ਮਨੁੱਖ ਦੀਆਂ ਪੈਦਾਵਾਰੀ ਅਤੇ ਸਮਾਜਕ ਜ਼ਰੂਰਤਾਂ ਹਨ, ਜੋ ਉਸਦੀ ਭਾਸ਼ਾ ਨੂੰ ਨਿਰਧਾਰਤ ਕਰਦੀਆਂ ਹਨ। ਬੇਰੋਕ ਟੋਕ ਆਰਥਕ ਵੰਡ ਵਟਾਂਦਰੇ ਲਈ, ਸਾਰੀਆਂ ਵੱਖ ਵੱਖ ਜਮਾਤਾਂ ਦੇ ਵਰਗਾਂ-ਸਰਮਾਏ-

ਦਾਰ ਤੇ ਮਜ਼ਦੂਰ, ਦੁਕਾਨਦਾਰ ਤੇ ਖਰੀਦਦਾਰ ਇਤਿਆਦਿ ਵਿਚਕਾਰ ਡੂੰਘੇ ਸਬੰਧ ਪੈਦਾ ਕਰਨ ਲਈ, ਭਾਸ਼ਾ ਦਾ ਸਰਵ-ਪੱਖੀ ਵਿਕਾਸ ਹੋਣਾ ਜ਼ਰੂਰੀ ਹੈ। ਇਸ ਤਰ੍ਹਾਂ ਭਾਸ਼ਾ ਦਾ ਬੁਨਿਆਦੀ ਸਬੰਧ 'ਮਾਰਕੀਟ'' ਨਾਲ ਹੈ। ਅੱਜ ਜੇਕਰ ਭਾਰਤ ਦੀ ਵੱਡੀ ਸਰਮਾਏਦਾਰੀ ਹਿੰਦੀ ਨੂੰ ਰਾਸ਼ਟਰੀ ਭਾਸ਼ਾ ਵਜੋਂ ਲਾਗੂ ਕਰਨ ਲਈ ਜ਼ੋਰ ਪਾ ਰਹੀ ਹੈ, ਤਾਂ ਇਹ ਉਸਦੀਆਂ ਮੰਡੀ ਦੀਆਂ ਲੋੜਾਂ ਕਾਰਣ ਹੈ, ਤਾਂ ਜੋ ਮੰਡੀ ਨਾਲ ਜੁੜੇ ਲੋਕਾਂ ਵਿਚਕਾਰ ਤੁਰੰਤ ਸੰਚਾਰ ਹੋ ਸਕੇ।

ਸਾਰੇ ਦੇਸ਼ ਵਿਚ ਲਿੰਕ ਭਾਸ਼ਾ ਦਾ ਹੋਣਾ ਬਹੁਤ ਜ਼ਰੂਰੀ ਹੈ, ਸਰਮਾਏਦਾਰੀ ਲਈ ਵੀ ਅਤੇ ਸਾਡੇ ਲਈ ਵੀ। ਕਿਉਂਕਿ ਸਿਰਫ਼ ਸਰਮਾਏਦਾਰੀ ਹੀ, ਲਿੰਕ ਭਾਸ਼ਾ ਰਾਹੀਂ ਸਾਰੇ ਲੋਕਾਂ ਨੂੰ ਮੰਡੀ ਨਾਲ ਨਹੀਂ ਜੋੜਦੀ, ਸਗੋਂ ਮਜ਼ਦੂਰ ਜਮਾਤ ਅਤੇ ਇਸਦੀ ਹਿਰਾਵਲ ਦਸਤਾ ਕਮਿਊਨਿਸਟ ਪਾਰਟੀ ਵੀ ਮਜ਼ਦੂਰ ਜਮਾਤ ਦੀ ਜਥੇਬੰਦਕ ਅਤੇ ਵਿਚਾਰਧਾਰਕ ਏਕਤਾ ਲਈ, ਲਿੰਕ ਭਾਸ਼ਾ ਦੀ ਲੋੜ ਮਹਿਸੂਸ ਕਰਦੀ ਹੈ। ਪ੍ਰੰਤੂ ਭਾਰਤੀ ਹਾਕਮ ਜਮਾਤਾਂ ਦੀ ਲਿੰਕ (ਰਾਸ਼ਟਰੀ) ਭਾਸ਼ਾ ਪ੍ਰਤੀ ਪਹੁੰਚ ਦਰੁਸਤ ਨਹੀਂ ਸਗੋਂ ਧੱਕੜਸ਼ਾਹੀ ਹੈ। ਹਮੇਸ਼ਾ ਹੀ ਇਸਦੀ ਕੋਸ਼ਿਸ਼ ਖੇਤਰੀ ਭਾਸ਼ਾਵਾਂ ਨੂੰ ਦਬਾ ਕੇ ਰੱਖਣ ਦੀ ਰਹੀ ਹੈ। ਇਨ੍ਹਾਂ ਭਾਸ਼ਾਵਾਂ ਦੀ ਉਨਤੀ ਦੇ ਰਾਹ ਵਿਚ ਰੋੜੇ ਅਟਕਾਉਣਾ ਹੀ ਹਾਕਮ ਜਮਾਤਾਂ ਦੀ ਕੋਸ਼ਿਸ਼ ਰਹੀ ਹੈ। ਹਿੰਦੀ ਨੂੰ ਜ਼ਬਰੀ ਠੋਸਣ ਦਾ ਨਤੀਜਾ ਵੱਖ ਵੱਖ ਕੌਮੀਅਤਾਂ ਦੇ ਲੋਕਾਂ ਨੂੰ ਆਪਸ ਵਿਚ ਲੜਾਉਣ ਦੇ ਰੂਪ ਵਿਚ ਨਿਕਲਿਆ ਹੈ। ਇਸੇ ਕਾਰਣ ਵੱਖ ਵੱਖ ਕੌਮੀਅਤਾਂ ਦੇ ਲੋਕਾਂ ਵਿਚ ਹਿੰਦੀ ਵਿਰੋਧੀ ਨਫ਼ਰਤ ਹੈ ਅਤੇ ਸਥਾਨਕ ਭਾਸ਼ਾਵਾਂ ਦੀ ਪ੍ਰਫੁੱਲਤਾ ਲਈ ਅੰਦੋਲਨ ਉਠਦੇ ਰਹਿੰਦੇ ਹਨ।

ਦੇਖਿਆ ਜਾਵੇ, ਤਾਂ ਅੱਜ ਹਿੰਦੀ ਭਾਸ਼ਾ ਦੀ ਸਥਿਤੀ ਵੀ, ਹੋਰਨਾਂ ਖੇਤਰੀ ਭਾਸ਼ਾਵਾਂ ਦੇ ਮੁਕਾਬਲੇ ਕਿਸੇ ਤਰਾਂ ਵੀ ਬਿਹਤਰ ਨਹੀਂ। ਸਗੋਂ ਹਿੰਦੀ ਨੂੰ ਜਬਰੀ ਲਾਗੂ ਕਰਨ ਨਾਲ, ਇਸਦਾ ਵਿਕਾਸ ਰੁੱਕ ਗਿਆਂ ਹੈ, ਕਿਉਂਕਿ ਭਾਰਤ ਦੀਆਂ ਵੱਖ ਵੱਖ ਕੌਮੀਅਤਾਂ ਨੇ ਹਿੰਦੀ ਦੀ ਵਿਰੋਧਤਾ ਕਾਰਣ, ਇਸ ਨੂੰ ਅਪਨਾਉਣ ਤੋਂ ਇਨਕਾਰ ਕਰ ਦਿੱਤਾ ਹੈ। ਅੱਜ ਦੱਖਣੀ ਭਾਰਤ ਦੇ ਲੋਕ ਹਿੰਦੀ ਨੂੰ ਨਫ਼ਰਤ ਕਰਨ ਦੇ ਸਿੱਟੇ ਵਜੋਂ ਅੰਗਰੇਜ਼ੀ ਨੂੰ ਤਰਜੀਹ ਦਿੰਦੇ ਹਨ। ਹਿੰਦੀ ਭਾਸ਼ਾ, ਰਾਸ਼ਟਰੀ ਭਾਸ਼ਾ ਹੋਣ ਦੇ ਬਾਵਜੂਦ, ਉੱਤਰੀ ਭਾਰਤ ਦੇ ਕੁੱਝ ਸੂਬਿਆਂ ਤੱਕ ਸੁੰਗੜ ਕੇ ਰਹਿ ਗਈ ਹੈ। ਹਿੰਦੀ ਬੋਲਦੇ ਖੇਤਰਾਂ ਦਾ ਸਾਹਿਤ, ਕਲਾ ਅਤੇ ਸੱਭਿਆਚਾਰ, ਕਈ ਖੇਤਰੀ ਭਾਸ਼ਾਵਾਂ ਵਿਚ ਰਚੇ ਸਾਹਿਤ, ਕਲਾ ਅਤੇ ਸਬੰਧਤ ਸਭਿਆਚਾਰ ਨਾਲੋਂ ਪਛੜਿਆ ਹੋਇਆ ਹੈ। ਜਿਹੜੀ ਕੌਮ, ਹੋਰਨਾਂ ਕੌਮਾਂ ਨੂੰ ਦਬਾਉਂਦੀ ਹੈ, ਖੁਦ ਵੀ ਵਿਕਾਸ ਨਹੀਂ ਕਰ ਸਕਦੀ। ਇਸੇ ਤਰ੍ਹਾਂ ਖੇਤਰੀ ਭਾਸ਼ਾਵਾਂ ਨੂੰ ਦਬਾਕੇ ਰੱਖਣ ਨਾਲ ਹਿੰਦੀ ਭਾਸ਼ਾ ਦਾ ਵੀ ਵਿਕਾਸ ਨਹੀਂ ਹੋ ਸਕਦਾ। ਹਿੰਦੀ ਭਾਸ਼ਾ ਦੀ ਉੱਨਤੀ ਖੇਤਰੀ ਭਾਸ਼ਾਵਾਂ ਦੀ ਉੱਨਤੀ ਨਾਲ ਜੁੜੀ ਹੋਈ ਹੈ।

ਸਾਨੂੰ ਕੋਈ ਇਤਰਾਜ਼ ਨਹੀਂ ਹੋਵੇਗਾ, ਜੇ ਭਾਰਤੀ ਹਾਕਮ ਜਮਾਤਾਂ ਵੱਖ ਵੱਖ ਖੇਤਰੀ ਭਾਸ਼ਾਵਾਂ ਨੂੰ ਉੱਨਤ ਕਰਕੇ ਇਨ੍ਹਾਂ ਭਾਸ਼ਾਵਾਂ ਨੂੰ ਬੋਲਣ ਵਾਲੀਆਂ ਕੌਮੀਅਤਾਂ ਦੇ ਲੋਕਾਂ ਦੀ ਸਹਿਮਤੀ ਨਾਲ ਕਿਸੇ ਵੀ ਭਾਸ਼ਾ ਨੂੰ ਰਾਸ਼ਟਰੀ ਭਾਸ਼ਾ ਕਰਾਰ ਦੇ ਦੇਣ। ਸਾਡਾ ਇਤਰਾਜ਼ ਸਿਰਫ਼ ਹਿੰਦੀ ਨੂੰ ਜਬਰੀ ਠੋਸਣ ਵਿਰੁੱਧ ਹੈ, ਜਿਸ ਨਾਲ ਖੇਤਰੀ ਭਾਸ਼ਾਵਾਂ ਨੂੰ ਵਿਕਸਤ ਹੋਣ ਦਾ ਮੌਕਾ ਨਹੀਂ ਮਿਲਦਾ, ਸਗੋਂ ਇਸਦੇ ਉਲਟ ਇਸ ਕਾਰਵਾਈ ਨਾਲ ਅੰਗਰੇਜ਼ੀ ਦੀ ਸਰਦਾਰੀ ਕਾਇਮ ਰਹਿੰਦੀ ਹੈ।

ਸਾਨੂੰ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਆਵਾਜ਼ ਉਠਾਉਣੀ ਚਾਹੀਦੀ ਹੈ। ਪੰਜਾਬੀ ਭਾਸ਼ਾ ਜਿੰਨੀ ਉੱਨਤ ਹੋਵੇਗੀ, ਉਨੇ ਹੀ ਵਧੀਆ ਢੰਗ ਨਾਲ ਅਸੀਂ ਲੋਕਾਂ ਨੂੰ ਗਿਆਨ ਦੇਣ ਦੇ ਯੋਗ ਹੋ ਸਕਾਂਗੇ। ਨਿਰਸੰਦੇਹ, ਸਾਡੀ ਵੱਡੀ ਮੰਗ ਪੰਜਾਬੀ ਭਾਸ਼ਾ ਦੇ ਵਿਕਾਸ ਦੀ ਹੋਣੀ ਚਾਹੀਦੀ ਹੈ। ਪਰ ਇਸਦੇ ਨਾਲ ਹੀ ਸਾਨੂੰ ਹਿੰਦੀ ਅਤੇ ਅੰਗਰੇਜ਼ੀ ਦੀ ਸਿਖਲਾਈ ਲਈ ਯੋਗ ਪ੍ਰਬੰਧ ਦੀ ਮੰਗ ਵੀ ਕਰਨੀ ਚਾਹੀਦੀ ਹੈ। ਮਜ਼ਦੂਰ ਵਰਗ ਦੇ ਬੁੱਧੀਜੀਵੀ ਜਿੰਨੇ ਹਿੰਦੀ, ਅੰਗਰੇਜ਼ੀ ਅਤੇ ਹੋਰ ਉੱਨਤ ਬੋਲੀਆਂ ਦੇ ਮਾਹਰ ਹੋਣਗੇ, ਉਨੀ ਹੀ ਸੁਚੱਲਤਾ, ਹੁਨਰ ਅਤੇ ਪਕਿਆਈ ਨਾਲ ਉਹ ਹੋਰਨਾਂ ਕੌਮਾਂ ਦੇ ਅਮੀਰ ਵਿਰਸੇ ਨਾਲ ਆਪਣੀ ਸਾਂਝ ਪਾ ਸਕਣਗੇ।

ਆਓ ਹੁਣ ਸਭਿਆਚਾਰ ਦੇ ਸਵਾਲ ਨੂੰ ਲਈਏ। ਸਭਿਆਚਾਰ, ਕਿਸੇ ਸਮਾਜ ਦੇ ਲੋਕਾਂ ਦੇ ਜੀਵਨ ਢੰਗ, ਅਚਾਰ-ਵਿਹਾਰ, ਰੀਤੀ ਰਿਵਾਜ, ਸਮਾਜਕ ਵਿਵਹਾਰ, ਕਲਾ, ਸਾਹਿਤ, ਸੰਗੀਤ ਅਤੇ ਰਾਜਸੀ ਤੇ ਆਰਥਕ ਕਦਰਾਂ ਦੇ ਜੁੜਵੇਂ ਰੂਪ ਦਾ ਨਾਂ ਹੈ। ਸਭਿਆਚਾਰ, ਸਬੰਧਤ ਸਮਾਜ ਦੀ ਰਾਜਨੀਤੀ ਅਤੇ ਆਰਥਕਤਾ ਦਾ ਪ੍ਰਤੀਬਿੰਬ ਹੈ। ਜਿਸਦਾ ਭਾਵ ਹੈ ਕਿ ਸਮਾਜ ਵਿਚ ਜਿਹੜੀ ਜਮਾਤ ਆਰਥਕਤਾ ਵਿਚ ਭਾਰੂ ਹੈ, ਉਸੇ ਦੀ ਰਾਜਨੀਤੀ, ਵਿਚਾਰ ਅਤੇ ਕਦਰਾਂ ਕੀਮਤਾਂ ਸਭਿਆਚਾਰ ਵਿਚ ਰੂਪਮਾਨ ਹੁੰਦੀਆਂ ਹਨ। ਕੋਈ ਵੀ ਸਭਿਆਚਾਰ ਹੈ, ਉਹ ਸਮਾਜ ਵਿਚ ਭਾਰੂ ਜਮਾਤ ਦਾ ਸਭਿਆਚਾਰ ਹੈ। ਇਸ ਲਈ ਜਮਾਤੀ ਸਮਾਜ ਵਿਚ ''ਇੱਕ ਅਤੇ ਸਾਂਝੇ ਸਭਿਆਚਾਰ'' ਦੀ ਗੱਲ ਕਰਨਾ ਨਿਰੀ ਬੇਹੂਦਗੀ ਹੈ। ਜਮਾਤੀ ਸਮਾਜ ਵਿਚ ਹਰ ਜਮਾਤ ਦਾ ਆਪਣਾ ਸਭਿਆ-

ਚਾਰ ਹੁੰਦਾ ਹੈ। ਇਥੋਂ ਤੱਕ ਕਿ ਇੱਕੋ ਜਮਾਤ ਦੇ ਵੱਖ ਵੱਖ ਹਿੱਸਿਆਂ ਦੇ ਸਭਿਆਚਾਰ ਵਿਚ ਵੀ ਫ਼ਰਕ ਹੁੰਦਾ ਹੈ।

ਜਦੋਂ ਅਸੀਂ ਪੰਜਾਬ ਦੇ ਸਭਿਆਚਾਰ ਬਾਰੇ ਨਿਤਾਰਾ ਕਰਨਾ ਹੈ, ਤਾਂ ਇਸਨੂੰ ਪੰਜਾਬ ਦੀ ਆਰਥਕਤਾ ਅਤੇ ਇਸ ਉੱਪਰ ਉਸਰੇ ਸੁਪਰ-ਸਟਰੱਕਚਰ ਨਾਲ ਜੋੜਕੇ ਕਰਨਾ ਚਾਹੀਦਾ ਹੈ। ਪੰਜਾਬ ਭਾਰਤੀ ਸਮਾਜ ਦਾ ਹਿੱਸਾ ਹੈ, ਜਿਸਦਾ ਖਾਸਾ ਅਰਧ ਜਗੀਰੂ ਅਤੇ ਅਰਧ ਬਸਤੀਵਾਦੀ ਹੈ। ਭਾਵ ਪੰਜਾਬ ਦਾ ਸਭਿਆਚਾਰ ਵੀ ਭਾਰਤ ਦੇ ਅਰਧ-ਜਗੀਰੂ ਤੇ ਅਰਧ ਬਸਤੀਵਾਦੀ ਸਭਿਆਚਾਰ ਦਾ ਭਾਗ ਹੈ। ਭਾਰਤੀ ਆਰਥਕਤਾਂ ਜਿਹੜੀ ਬਦੇਸ਼ੀ ਪੂੰਜੀ ਨਾਲ ਗਾਂਢਾ-ਸਾਂਢਾ ਕਰੀ ਬੈਠੀ ਹੈ, ਇਸ ਉੱਤੇ ਗਰਕ ਹੋ ਚੁੱਕੇ ਸਾਮਰਾਜੀ ਸਭਿਆਚਾਰ ਦਾ ਮਾਰੂ ਹਮਲਾ ਵੀ ਲਗਾਤਾਰ ਜਾਰੀ ਹੈ। ਇਸ ਤਰ੍ਹਾਂ ਪੰਜਾਬ (ਭਾਰਤ) ਦਾ ਸਥਾਪਤ ਸਭਿਆਚਾਰ, ਸਾਮਰਾਜੀ ਸਭਿਆਚਾਰ ਦੇ ਖੋਟ ਵਾਲਾ ਅਰਧ-ਜਗੀਰੂ ਸਭਿਆਚਾਰ ਹੈ।

ਪੰਜਾਬੀ ਸਭਿਆਚਾਰ "ਭਾਈਆਂ" ਦਾ ਸਭਿਆਚਾਰ ਹੈ, ਜਿਹੜੇ ਇਸਨੂੰ ਸਿੱਖ ਸਭਿਆਚਾਰ ਬਣਾਕੇ ਪੇਸ਼ ਕਰਦੇ ਹਨ। ਇਹ ਲੋਕ ਸਿੱਖ ਗੁਰੂਆਂ ਅਤੇ ਉਨ੍ਹਾਂ ਵੇਲੇ ਦੀਆਂ ਪੈਦਾਵਾਰੀ ਸ਼ਕਤੀਆਂ ਵਲੋਂ ਪਾਈਆਂ ਨਵੀਆਂ ਪਿਰਤਾਂ ਅਤੇ ਅਗਾਂਹਵਧੂ ਰਵਾਇਤਾਂ ਨੂੰ ਮੌਜੂਦਾ ਪ੍ਰਸਥਿਤੀਆਂ ਨਾਲ ਮੇਲਕੇ ਅਗਾਂਹ ਜਾਣ ਦੀ ਬਜਾਏ, ਮੁੜਕੇ ਮੱਧਯੁੱਗ ਵੱਲ ਜਾਣਾ ਚਾਹੁੰਦੇ ਹਨ। ਸਮੇਂ ਦੇ ਵਿਕਾਸ ਅਤੇ ਵਿਗਿਆਨ ਨੇ ਰੱਦ ਕੀਤੀ ਹਰ ਚੀਜ਼, ਵਹਿਮ ਭਰਮ, ਭੇਖ ਅਤੇ ਕਰਮ ਕਾਂਡ ਨੂੰ, "ਸਿਖ ਵਿਰਸੇ" ਵਜੋਂ ਸਾਂਭ ਕੇ ਸ਼ਿੰਗਾਰਨ ਲ਼ਈ ਤਰਲੋਮੱਛੀ ਹੋ ਰਹੇ ਹਨ। "ਸਿੱਖ ਪ੍ਰਸਨਲ ਲਾਅ" ਦੀ ਮੰਗ ਹੇਠ, ਔਰਤ ਵਰਗ ਵਲੋਂ ਪ੍ਰਾਪਤ ਕੀਤੀਆਂ ਅਜ਼ਾਦੀਆਂ, ਜਾਇਦਾਦ ਤੇ ਵਿਰਾਸਤ ਦੇ ਅਧਿਕਾਰ ਨੂੰ ਖਤਮ ਕਰਨਾ ਚਾਹੁੰਦੇ ਹਨ।

ਪੰਜਾਬੀ ਸਭਿਆਚਾਰ "ਪੁਜਾਰੀਆਂ" ਦਾ ਸਭਿਆਚਾਰ ਹੈ, ਜਿਹੜਾ ਜ਼ਾਤ ਪਾਤ, ਬੁੱਤਪੂਜਾ, ਅੰਧ ਵਿਸਵਾਸ਼, ਰੂਹਾਨੀ ਤਾਕਤਾਂ, ਚੁਰਾਸੀ ਲੱਖ ਜੂਨਾਂ ਤੇ ਪੁਨਰ ਜਨਮ ਦੇ ਸਿਧਾਂਤ ਦੇ ਸਹਾਰੇ ਖੜਾ ਹੈ। ਇਹ ਸਭਿਆਚਾਰ ਔਰਤ ਨੂੰ ਪੈਰ ਦੀ ਜੁੱਤੀ ਦਾ ਦਰਜਾ ਦਿੰਦਾ ਹੈ ਅਤੇ ਨੀਵੀਆਂ ਜਾਤਾਂ (ਸੂਦਰਾਂ) ਨੂੰ ਹਰ ਤਰ੍ਹਾਂ ਦੇ ਗਿਆਨ ਤੋਂ ਵਾਂਝੇ ਰੱਖਣ ਦਾ ਹਮਾਇਤੀ ਹੈ। ਇਹ ਮਿਹਨਤਕਸ਼ ਜਮਾਤ ਨੂੰ ਸੁਰਗ-ਨਰਕ ਦੇ ਲਾਰੇ ਤੇ ਡਰ ਅਧੀਨ ਰੱਖਕੇ ਅਤੇ ਉਨ੍ਹਾਂ ਦੀ ਮੰਦਹਾਲੀ ਨੂੰ ਪਿਛਲੇ ਜਨਮ ਦੇ ਮਾੜੇ ਕਰਮਾਂ ਦਾ ਫਲ ਦੱਸਕੇ, ਸਿਰਜਨਾਤਮਕ ਅਮਲ ਅਤੇ ਜੱਦੋ-ਜਹਿਦ ਕਰਨ ਤੋਂ ਰੋਕਦਾ ਹੈ।

ਪੰਜਾਬੀ ਸਭਿਆਚਾਰ "ਮੌਲਵੀਆਂ" ਦਾ ਸਭਿਆਚਾਰ ਹੈ, ਜਿਹੜਾ ਔਰਤ ਨੂੰ ਗਾਂ-ਮੱਝ ਤੋਂ ਵੱਧ ਕੁਝ ਨਹੀਂ ਸਮਝਦਾ, ਜਿਸਨੂੰ ਜਦੋਂ ਮਰਜ਼ੀ ਕਿੱਲੇ ਨਾਲੋਂ ਖੋਹਲ ਕੇ ਘਰੋਂ ਬਾਹਰ ਕੱਢ ਦੇਵੇ। ਇਸਦੇ ਜਬਰ ਦੀਆਂ ਸਤਾਈਆਂ ਅਨੇਕਾਂ ਹੀ "ਸ਼ਾਹਬਾਨੋਆਂ", ਬੁਰਕੇ ਦੀ ਕੈਦ ਹੰਢਾਉਂਦੀਆਂ, ਘਰ ਦੀ ਚਾਰ ਦੀਵਾਰੀ ਅੰਦਰ ਹੀ, ਸਿਸਕ ਸਿਸਕ ਕੇ ਮਰ ਜਾਣ ਲਈ ਮਜਬੂਰ ਹਨ। ਇਸ ਸਭਿਆਚਾਰ ਦੇ ਅਲੰਬਰਦਾਰ, ਕੁਰਾਨ ਸ਼ਰੀਫ ਦੇ "ਅਲਾਹੀ ਹੁਕਮ" ਦੇ ਨਾਂ ਹੇਠ ਪਿਛਾਖੜੀ ਕਦਰਾਂ ਕੀਮਤਾਂ ਨਾਲ ਸਮਾਜਕ ਵਿਕਾਸ ਨੂੰ ਜਕੜੀ ਬੈਠੇ ਹਨ।

ਪੰਜਾਬੀ ਸਭਿਆਚਾਰ ਪਿਛਾਂਹ ਖਿੱਚੂ ਸਭਿਆਚਾਰ ਹੈ। ਇਸ ਉਪਰ ਨਾਲ ਹੀ ਨਾਲ ਗੰਦੇ ਸਾਮਰਾਜੀ ਸਭਿਆਚਾਰ ਦਾ ਪ੍ਰਭਾਵ ਵਧ ਰਿਹਾ ਹੈ। ਖਾਸ ਤੌਰ ਤੇ ਸ਼ਹਿਰ ਇਸ ਮਾਰੂ ਸਭਿਆਚਾਰ ਦੀ ਲਪੇਟ ਵਿਚ ਆ ਰਹੇ ਹਨ। ਨਸ਼ੇ (ਚਰਸ, ਗੋਲੀਆਂ, ਹੀਰੋਇਨ) ਜੂਆ, ਗੈਰ ਕੁਦਰਤੀ ਸੈਕਸ, ਕੈਬਰੇ ਡਾਂਸ, ਜਿਸਮ ਫ਼ਰੋਸ਼ੀ, ਬਲਿਊ ਫਿਲਮਾਂ, ਲੱਚਰ ਤੇ ਕਾਮ ਉਕਸਾਊ ਸਾਹਿਤ ਆਦਿ ਸਾਮਰਾਜੀ ਸਭਿਆਚਾਰ ਦੀ ਦੇਣ ਹਨ।

ਇਹ ਸੀ ਪੰਜਾਬੀ ਸਭਿਆਚਾਰ ਦੀ ਮੋਟੀ ਤਸਵੀਰ। ਅਕਸਰ ਹੀ ਸਾਡੇ ਬੁੱਧੀ ਜੀਵੀ ਦੁਹਾਈ ਦਿੰਦੇ ਰਹਿੰਦੇ ਹਨ ਕਿ "ਪੰਜਾਬੀ ਸਭਿਆਰ ਖਤਮ ਹੋ ਰਿਹਾ ਹੈ, ਜੇ ਇਸਨੂੰ ਨਾ ਸਾਂਭਿਆ ਗਿਆ ਤਾਂ ਆਉਣ ਵਾਲੀ ਪੀੜ੍ਹੀ ਸਾਨੂੰ ਮੁਆਫ ਨਹੀਂ ਕਰੇਗੀ।" ਸਾਨੂੰ ਵੀ ਬੜੀ ਖੁਸ਼ੀ ਹੋਵੇਗੀ, ਜੇ ਸਾਡੇ ਬੁੱਧੀ ਜੀਵੀ ਸਾਨੂੰ ਵੀ ਉਸ ਚੀਜ਼ ਬਾਰੇ ਚਾਨਣਾ ਪਾ ਦੇਣ, ਜਿਹੜੀ ਸਾਥੋਂ ਖੁਸ ਰਹੀ ਹੈ, ਜੀਹਦੇ ਹੇਰਵੇ ਵਿਚ ਉਹ ਸੁੱਕ ਕੇ ਤੀਲਾ ਹੋ ਰਹੇ ਹਨ।

ਜਦੋਂ ਅਸੀਂ ਪੰਜਾਬੀ ਸਭਿਆਚਾਰ ਦੀ ਗੱਲ ਕਰਦੇ ਹਾਂ, ਤਾਂ ਇਹ ਭਾਰੂ ਸਭਿਆਚਾਰ ਦੀ ਗੱਲ ਹੈ, ਸਮੁੱਚੇ ਦੀ ਨਹੀਂ। ਪੰਜਾਬੀ ਸਮਾਜ ਦੇ ਆਰਥਕ ਅਤੇ ਰਾਜਨੀਤੀ ਦੇ ਖੇਤਰ ਵਿਚ ਮਿਹਨਤਕਸ਼ ਜਮਾਤ ਲੁੱਟ ਅਤੇ ਦਾਬੇ ਵਿਰੁੱਧ, ਲੋਟੂ ਜਮਾਤ ਤੋਂ ਮੁਕਤੀ ਪ੍ਰਾਪਤ ਕਰਨ ਲਈ ਜੂਝ ਰਹੀ ਹੈ। ਇਸ ਤਰਾਂ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਵੀ ਇਨਕਲਾਬੀ ਘੋਲ ਦੀ ਪੇਸ਼ਕਾਰੀ ਹੋ ਰਹੀ ਹੈ। ਜਿਸਦਾ ਭਾਵ ਹੈ ਕਿ ਸਥਾਪਤ ਸਭਿਆਚਾਰ ਦੇ ਮੁਕਾਬਲੇ ਇਕ ਨਵਾਂ ਨਰੋਆ, ਅਗਾਂਹ ਵਧੂ ਅਤੇ ਨਵ-ਜਮਹੂਰੀ ਸਭਿਆਚਾਰ ਉੱਸਰ ਰਿਹਾ ਹੈ। ਇਕ ਨਵਾਂ ਉੱਸਰ ਰਿਹਾ ਸਭਿਆਚਾਰ ਹੀ ਅਸਲੀ ਅਰਥਾਂ ਵਿਚ ਲੋਕ-ਸਭਿਆਚਾਰ ਹੈ।

ਜਦੋਂ ਅਸੀਂ ਸਭਿਆਚਾਰ ਦੀ ਰਾਖੀ ਅਤੇ ਪ੍ਰਫੁੱ-ਲਤਾ ਦਾ ਸਵਾਲ ਉਠਾਉਂਦੇ ਹਾਂ, ਤਾਂ ਇਸਦਾ ਸਪਸ਼ਟ ਮੰਤਵ ਇਹੋ ਜਿਹੇ ਸਭਿਆਚਾਰ ਤੋਂ ਹੈ, ਜੋ ਸਥਾਪਤ ਸਭਿਆਚਾਰ ਦਾ ਵਿਰੋਧੀ ਹੈ ਅਤੇ ਜਿਹੜਾ ਸਮਾਜਕ ਵਿਕਾਸ ਨੂੰ ਅਗੇ ਵੱਲ ਲਿਜਾਣ ਵਾਲੀਆਂ ਛੂਹੀਆਂ ਪੈਦਾ-

ਵਾਰੀ ਸ਼ਕਤੀਆਂ ਦੀ ਭਾਵਨਾ ਦੀ ਪ੍ਰਤੀਨਿੱਧਤਾ ਕਰਦਾ ਹੈ।

ਇਸ ਵਿਚਾਰ ਚਰਚਾ ਤੋਂ ਬਾਅਦ ਅਸੀਂ ਪਟਿ-ਆਲੇ ਦੇ ਸਭਿਆਚਾਰਕ ਕੇਂਦਰ ਦੀ ਸਥਾਪਨਾ ਕਰਨ ਵਾਲੇ ਅਤੇ ਇਸਦੀ ਹਮਾਇਤ ਕਰਨ ਵਾਲੇ "ਮਹਾਂਪੁਰਸ਼ਾਂ" ਕੋਲੋਂ ਪੁੱਛ ਸਕਦੇ ਹਾਂ ਕਿ ਤੁਸੀਂ ਕਿਹੜੇ ਸਭਿਆਚਾਰ ਦੀ ਰਾਖੀ ਦੀ ਗੱਲ ਕਰਦੇ ਹੋ? ਸਮਾਜ ਨੂੰ ਅੱਗੇ ਲਿਜਾਣ ਵਾਲੇ ਦੀ ਜਾਂ ਪਿਛਾਂਹ ਖਿੱਚੂ ਸਭਿਆਚਾਰ ਬਾਰੇ ਗੱਲ ਕਰਦੇ ਹਨ। ਜਿਹੜੀਆਂ ਹਾਕਮ ਜਮਾਤਾਂ, ਮਿਹਨਤਕਸ਼ਾਂ ਨੂੰ ਹਰ ਤਰਾਂ ਦੇ ਜਬਰ ਜੁਲਮ, ਲੁੱਟ ਅਤੇ ਛਲ-ਕਪਟ ਨਾਲ ਦਬਾਅ ਰਹੀਆਂ ਹਨ, ਉਨ੍ਹਾਂ ਕੋਲੋਂ ਅਗਾਂਹ ਵਧੂ ਸਭਿਆਚਾਰ ਦੀ ਰਾਖੀ ਤੇ ਪ੍ਰਫੁੱਲਤਾ ਦੀ ਆਸ ਕਰਨਾ, ਆਪਣੇ ਆਪ ਨਾਲ ਵਿਸਾਹਘਾਤ ਕਰਨਾ ਹੈ।

ਦੂਜਾ ਨੁਕਤਾ ਜੋ ਬੁੱਧੀਜੀਵੀ ਅਕਸਰ ਉਠਾਉਂਦੇ ਹਨ ਉਹ ਵਿਰਸੇ ਦੀ ਸੰਭਾਲ ਬਾਰੇ ਹੈ। ਕਿਹੜੇ ਵਿਰਸੇ ਦੀ ਸੰਭਾਲ? ਲੋਟੂ ਜਮਾਤ ਦੇ ਹਿਤ ਪੂਰਨ ਵਾਲੇ ਦੀ? ਇਸ ਗੱਲ ਦੀ ਸਾਡੇ ਕੋਲੋਂ ਆਸ ਨਾ ਕਰਿਓ। ਇਹ ਕੰਮ ਤਾਂ ਤੁਹਾਡੇ ਜੁੱਤੀ ਚੱਟਾਂ ਦੇ ਹਿੱਸੇ ਆਇਆ ਹੈ। ਹਾਂ, ਅਸੀਂ ਵੀ ਵਿਰਸੇ ਦੀ ਸੰਭਾਲ ਕਰਾਂਗੇ, ਪਰ ਹੂ-ਬ-ਹੂ ਨਹੀਂ, ਸਗੋਂ ਵਿਰੋਧ ਢੰਗ ਨਾਲ, ਅਲੋਚਨਾਤਮਕ ਛਾਨਣੀ ਨਾਲ। ਅਸੀਂ ਪਿਛਾਖੜੀ ਵਿਰਸੇ ਦੇ ਢੇਰ ਵਿਚੋਂ, ਸਿਰਫ਼ ਸਾਡੇ ਪੁਰਖਿਆਂ ਵਲੋਂ ਸਿਰਜਿਆ ਅਗਾਂਹ ਵਧੂ ਹਿੱਸਾ ਹੀ ਚੁਣਾਂਗੇ ਅਤੇ ਸਿਰਫ਼ ਉਸਦੀ ਹੀ ਸੰਭਾਲ ਕਰਾਂਗੇ, ਉਸ ਤੋਂ ਹੀ ਪ੍ਰੇਰਨਾ ਲਵਾਂਗੇ।

o

## ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ--ਇਕ ਜਾਇਜ਼ਾ o ਗੁਰਬਖਸ਼ ਜੱਸ

ਕਿਹੋ ਜਿਹਾ ਹੈ ਸਾਡਾ ਭਾਰਤ ਤੇ ਕਿਹੋ ਜਿਹਾ ਹੈ ਇਹਦਾ ਸਮਾਜ, ਜਿਥੇ ਮਨੁੱਖ ਨੂੰ ਇਨਸਾਨ ਨਹੀਂ ਸਗੋਂ ਜਾਨਵਰਾਂ ਤੋਂ ਵੀ ਭੈੜਾ ਜੀਵਨ ਜੀਉਣ ਲਈ ਮਜਬੂਰ ਹੋਣਾ ਪੈਂਦਾ ਹੈ ਜਾਂ ਮਜਬੂਰ ਕੀਤਾ ਜਾਂਦਾ ਹੈ। ਇਹ ਇਕ ਤਲਖ ਸੱਚਾਈ ਹੈ ਕਿ ਸੰਸਾਰ ਦੇ ਕਿਸੇ ਹੋਰ ਸਮਾਜ ਵਿਚ ਵਿਅਕਤੀ ਨਾਲ ਅਜੇਹਾ ਭੈੜਾ ਵਰਤਾਓ ਨਹੀਂ ਕੀਤਾ ਜਾਂਦਾ। ਸ਼ਾਇਦ ਇਸੇ ਕਰਕੇ ਪਖਤੂਨ ਨੇਤਾ ਖਾਨ ਅਬਦੁਲ ਗਫਾਰ ਖਾਨ ਨੇ 1980 ਵਿਚ ਆਪਣੀ ਭਾਰਤ ਫੇਰੀ ਸਮੇਂ, ਪਿੰਡਾਂ ਅਤੇ ਸ਼ਹਿਰਾਂ ਦੀਆਂ ਬਸਤੀਆਂ ਦੀ ਦੁਰਦਸ਼ਾ ਦੇਖ ਕੇ ਠੀਕ ਹੀ ਕਿਹਾ ਸੀ, ' ਭਾਰਤੀ ਪਿੰਡਾਂ ਦੀ ਹਾਲਤ ਅਜੇਹੀ ਹੈ ਕਿ ਇਹ ਕੁੱਤਿਆਂ ਦੇ ਰਹਿਣ ਲਈ ਵੀ ਮਾਫ਼ਕ ਨਹੀਂ।" ਹੋਰ ਤਾਂ ਹੋਰ, ਇਥੇ ਜਦੋਂ ਕਦੇ ਵੀ ਸਾਡੇ ਵਿਹੜੇ ਕੋਈ ਵਿਅਕਤੀ ਕਿਧਰੇ ਆਣ ਢੁੱਕਦਾ ਹੈ ਤਾਂ ਸਭ ਤੋਂ ਪਹਿਲਾਂ ਇਹ ਦੇਖਿਆ ਜਾਂਦਾ ਹੈ ਕਿ ਉਹ ਵਿਅਕਤੀ ਝੀਰ, ਨਾਈ, ਛੀਂਬਾ, ਬ੍ਰਾਹਮਣ, ਖਤਰੀ, ਜੱਟ ਜਾਂ ਆਦਿਧਰਮੀ ਆਦਿ ਵਿਚੋਂ ਕੀ ਹੈ—ਜਿਹੋ ਜਿਹੀ ਜਾਤੀ ਵਿਚੋਂ ਉਹ ਹੋਵੇਗਾ ਉਹੋ ਜਿਹਾ ਵਰਤਾਓ ਉਹਦੇ ਨਾਲ ਕੀਤਾ ਜਾਵੇਗਾ। ਅਸੀਂ ਆਪਣੇ-ਆਪਨੂੰ ਬੁਧ, ਨਾਨਕ ਅਤੇ ਰਾਮ ਦੇ ਵਾਰਸ ਸਮਝਣ ਵਾਲੇ ਲੋਕ ਮਨੁੱਖ ਦੀ ਪਹਿਚਾਣ ਉਹਦੀ ਮਨੁੱਖਤਾ ਤੋਂ ਨਹੀਂ ਉਹਦੀ ਜਾਤੀ ਜਾਂ ਧਰਮ ਤੋਂ ਕਰਦੇ ਆਏ ਹਾਂ ਅਤੇ ਆਪਣੀ ਪ੍ਰਾਚੀਨ ਮਹਾਨ ਸੰਸਕ੍ਰਿਤੀ ਤੇ ਮਾਣ ਵੀ ਕਰਦੇ ਆਏ ਹਾਂ। ਇਕ ਪਾਸੇ ਭੁੱਖਮਰੀ ਅਤੇ ਕੰਗਾਲੀ ਨੇ ਅਤੇ ਦੂਸਰੇ ਪਾਸੇ ਪੁਰਾਤਨਪੰਥੀ ਸੰਸਕ੍ਰਿਤਕ ਕਦਰਾਂ ਕੀਮਤਾਂ ਦੀ ਘੁਟਨ ਅਤੇ ਦਾਬੇ ਨੇ ਸਾਡੇ ਸਮਾਜ ਦੇ ਬਹੁਤੇ ਲੋਕਾਂ ਨੂੰ ਸੱਚਮੁੱਚ ਜੇ ਪੂਰੇ ਪਾਗਲ ਨਹੀਂ ਤਾਂ ਨੀਮ ਪਾਗਲ ਜ਼ਰੂਰ ਬਣਾ ਦਿਤਾ ਹੈ। ਪ੍ਰਸਿੱਧ ਪੱਤਰਕਾਰ ਅਤੇ ਲੇਖਕ ਖੁਸ਼ਵੰਤ ਸਿੰਘ ਨੇ ਭਾਰਤੀ ਸਮਾਜ ਦਾ ਨਕਸ਼ਾ ਖਿੱਚਦਿਆਂ ਇਕ ਵਾਰ ਕਿਹਾ ਸੀ, "ਸਾਡਾ ਦੇਸ਼ ਤੇ ਦੇਸ਼ ਦਾ ਹਰ ਵਾਸੀ, ਵਹਿਮਾਂ ਭਰਮਾਂ, ਪੁਛਾਂ, ਜੋਤਸ਼ੀਆਂ ਦੀ ਭਵਿੱਖਬਾਣੀਆਂ, ਲਗਨਾਂ ਸ਼ਗਨਾਂ, ਦੁਸ਼ਮਣਾਂ, ਸਿਤਾਰਿਆਂ ਦੇ ਗ੍ਰਹਿਾਂ ਦੇ ਚੱਕਰ ਵਿਚ ਘਿਰਿਆ ਹੋਇਆ ਹੈ। ਇਹ ਬਹੁਤ ਘਾਤਕ ਰੋਗ ਹੈ ਤੇ ਇਹ ਗਰੀਬ ਤੋਂ ਗਰੀਬ ਆਦਮੀ ਤੋਂ ਲੈ ਕੇ ਉਚ ਕੋਟੀ ਦੇ ਰਾਜਸੀ ਨੇਤਾਵਾਂ ਨੂੰ ਚਿੰਬੜਿਆ ਹੋਇਆ ਹੈ। ਇਸ ਰੋਗ ਨੇ ਸਾਨੂੰ ਨਿਪੁੰਸਕ ਬਣਾ ਦਿਤਾ ਹੈ...ਮੇਰਾ ਖਿਆਲ ਹੈ ਆਪਾਂ ਸਵੀਕਾਰ ਕਰਦੇ ਹਾਂ ਕਿ ਦੇਸ਼ ਗਰਕ ਹੋ ਰਿਹਾ ਹੈ...।

ਕਿਹੋ ਜਿਹਾ ਹੈ ਇਹ ਸਮਾਜ ਜਿਥੇ ਏਨਾ ਅਣ-ਮਨੁੱਖੀ ਆਰਥਕ ਪਾੜਾ ਹੋਵੇ—ਜਿਥੇ ਸਾਧਾਰਣ ਮਿਹਨਤੀ ਮਨੁੱਖ ਨੂੰ ਨਿਗਲ ਜਾਣ ਲਈ ਹਰ ਕਦਮ, ਹਰ ਮੋੜ ਤੇ ਘੋਰ ਬੇਇਨਸਾਫ਼ੀ, ਲੁੱਟ ਅਤੇ ਅਤਿਆਚਾਰ ਦਾ ਦੈਂਤ ਪਹਿਰਾ ਦੇ ਰਿਹਾ ਹੋਵੇ—ਇਹੋ ਜਿਹੇ ਸਮਾਜ ਦੇ ਵਰਤਾਰੇ ਨੂੰ ਸਮਝਣਾ ਅਤੇ ਇਹਦੀ ਵਿਆਖਿਆ ਕਰਨਾ ਅਤੇ ਫੇਰ ਇਹਦੀ ਮੁਕਤੀ ਲਈ ਸੰਘਰਸ਼ ਜੁਟਾਉਣਾ ਸੱਚਮੁਚ ਇਕ ਕਠੋਰ ਪਰੰਤੂ ਮਹਾਨ ਮਨੁੱਖੀ ਅਨੁਭਵ ਹੈ। ਮੇਰੀ ਟਾਈਲਰ ਅਜੇਹੀ ਹੀ ਇਕ ਦਲੇਰ ਅੰਗਰੇਜ਼ ਔਰਤ ਹੈ ਜਿਸਨੇ 1969 ਦੀ ਨਕਸਲਬਾੜੀ ਲਹਿਰ ਦੌਰਾਨ ਇਕ ਬੰਗਾਲੀ ਇੰਜੀਨੀਅਰ ਅਮਲੇਂਦੂ ਸੇਨ ਨਾਲ ਵਿਆਹ ਕਰਵਾਇਆ ਅਤੇ ਉਹਦੇ ਸਿਆਸੀ ਪ੍ਰਭਾਵ ਅਤੇ ਪ੍ਰੇਰਨਾ ਹੇਠ ਬੰਗਾਲ ਦੀ ਇਨਕਲਾਬੀ ਕਿਸਾਨੀ ਲਹਿਰ ਵਿਚ

ਅਮਲ ਹੋਈ ਅਤੇ ਸਿੱਟੇ ਵਜੋਂ ਪੁਲੀਸ ਦੁਆਰਾ ਦੋਨੋਂ ਗ੍ਰਿਫਤਾਰ ਹੋਏ। ਉਹਦੇ ਉਤੇ ਨਕਸਲਬਾੜੀ ਹੋਣ ਦਾ ਅਪਰਾਧ ਲਾ ਕੇ ਉਹਨੂੰ ਜੇਲ੍ਹ ਦੀ ਸਜ਼ਾ ਹੋ ਗਈ–ਹਜ਼ਾਰੀਬਾਗ ਅਤੇ ਜਮਸ਼ੇਦਪੁਰ ਦੀਆਂ ਜੇਲ੍ਹਾਂ ਵਿਚ ਪੰਜ ਸਾਲ ਘੋਰ ਸੰਘਰਸ਼ ਕਰਦਿਆਂ–ਜੇਲ੍ਹ ਦਾ ਬੇਹੱਦ ਨਰਕੀ ਜੀਵਨ ਭੋਗਦਿਆਂ ਉਹਨੇ ਭਾਰਤੀ ਸਮਾਜ ਦੇ ਅਦਾਲਤੀ ਢਾਂਚੇ, ਇਥੋਂ ਦੇ ਨਿਆਂ ਪ੍ਰਬੰਧ ਅਤੇ ਹਰ ਵਰਗ ਦੇ ਲੋਕਾਂ ਦੰਭੀ ਸਿਆਸੀ ਲੀਡਰਾਂ ਅਤੇ ਜਾਤਪਾਤੀ ਪ੍ਰਬੰਧ ਦਾ ਬੇਮਿਸਾਲ ਨਕਸ਼ਾ ਉਲੀਕਿਆ ਹੈ। ਇਥੇ ਇਹ ਕਹਿਣ ਦੀ ਲੋੜ ਨਹੀਂ ਕਿ ਉਹਨੇ ਜੋ ਵੀ ਲਿਖਿਆ ਆਪਣੇ ਜੀਵਨ ਦੇ ਗਹਿਰੇ ਅਨੁਭਵ ਵਿਚੋਂ ਲਿਖਿਆ ਹੈ। ਜਦੋਂ ਕਦੇ ਵੀ ਭਾਰਤੀ ਜੇਲ੍ਹਾਂ ਦੀ ਕੈਦ ਵਿਚ ਰਹਿ ਕੇ ਭਾਰਤ ਦੇ ਸਮਾਜਿਕ–ਸਿਆਸੀ–ਆਰਥਿਕ–ਸਭਿਆਚਾਰਕ ਢਾਂਚੇ ਨੂੰ ਗਹਿਰੀ ਮਨੁੱਖੀ ਹਮਦਰਦੀ ਨਾਲ ਸਮਝਣ ਅਤੇ ਬੇਨਕਾਬ ਕਰਨ ਦੀ ਗੱਲ ਤੁਰੇਗੀ ਤਾਂ ਨਕਸਲੀ ਅੰਦੋਲਨ ਵਿਚ ਭਾਗ ਲੈਣ ਵਾਲੀ ਅੰਗਰੇਜ਼ ਔਰਤ ਮੇਰੀ ਟਾਈਲਰ ਦਾ ਨਾਂ ਇਤਿਹਾਸ ਵਿਚ ਹਮੇਸ਼ਾ ਸਿਖਰ ਤੇ ਹੋਵੇਗਾ। ਇੰਗਲੈਂਡ ਦੇ ਵਾਯੂਨੁਕਲ ਕਮਰਿਆਂ, ਕਲੱਬਾਂ, ਪਬਾਂ ਅਤੇ ਮਖਮਲੀ ਸੇਜ ਵਾਲਾ ਆਰਾਮਦਾਇਕ ਜੀਵਨ ਛੱਡ ਕੇ ਉਹਨੇ ਆਪਣੀ ਜੁਆਨੀ ਦੇ ਪੰਜ ਵਰ੍ਹੇ ਬਿਹਾਰ ਦੀਆਂ ਜੇਲ੍ਹਾਂ ਦੀਆਂ ਹਨੇਰ ਕੋਠਰੀਆਂ ਵਿਚ ਅਤਿ ਕਠੋਰ ਅਤੇ ਭਿਆਨਕ ਹਾਲਤਾਂ ਵਿਚ ਗੁਜ਼ਾਰ ਕੇ ਅੰਤਰਰਾਸ਼ਟਰੀ ਮਜ਼ਦੂਰ ਭਾਈਚਾਰੇ ਦੀ ਮਿਸਾਲ ਕਾਇਮ ਕੀਤੀ ਹੈ। ਜਿਸ ਢੰਗ ਨਾਲ ਇਸ ਔਰਤ ਨੇ ਭਾਰਤੀ ਸਮਾਜ ਦੀ ਅਤਿ ਘਿਨਾਉਣੀ ਦਰਿਦਰਤਾ, ਜਹਾਲਤ ਅਤੇ ਵਹਿਸ਼ਤ ਦਾ ਦ੍ਰਿਸ਼ ਪਾਠਕ ਦੇ ਸਾਹਮਣੇ ਲਿਆਂਦਾ ਹੈ–ਇਹ ਭਾਰਤੀ ਅਤੇ ਵਿਦੇਸ਼ੀ ਲੇਖਕਾਂ ਵਲੋਂ ਪੇਸ਼ ਕੀਤੇ ਗਏ ਸਾਰੇ ਦ੍ਰਿਸ਼ਾਂ ਨੂੰ ਮਾਤ ਪਾਉਣ ਵਾਲੀ ਗੱਲ ਹੈ। ਭਾਰਤ ਦੀ ਕੰਗਾਲੀ ਨੂੰ ਆਪਣੇ ਸਿਖਰ ਤੇ ਦਿਖਾਉਣ ਵਾਲੀ ਫਿਲਮ 'ਪੱਥਰ ਪੰਚਾਲੀ' ਵਿਚ ਪ੍ਰਸਿੱਧ ਫਿਲਮਸਾਜ਼ ਸਤਿਆਜੀਤਰੇ ਵੀ ਸ਼ਾਇਦ ਉਹ ਕੁਝ ਨਹੀਂ ਦਿਖਾ ਸਕਿਆ ਜੋ ਮੇਰੀ ਟਾਈਲਰ ਨੇ ਆਪਣੀ ਇਸ ਜੇਲ੍ਹ ਡਾਇਰੀ ਵਿਚ ਦਿਖਾਇਆ ਹੈ। ਭਾਰਤ ਦੀ ਕੰਗਾਲੀ, ਲੁੱਟ ਅਤੇ ਜਹਾਲਤ ਦੀ ਘਿਣਤ ਸਥਿਤੀ ਦੇਖ ਕੇ ਦੇਸ਼ ਦੇ ਬੁਰਜੂਆ ਪੱਤਰਕਾਰਾਂ ਨੇ ਵੀ ਹੁਣ ਏਹੀ ਰਾਇ ਪ੍ਰਗਟਾਈ ਹੈ ਕਿ ਹੁਣ ਭਾਰਤ ਨੂੰ ਸੰਸਾਰ ਦੇ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਘੇਰੇ ਵਿਚ ਵੀ ਨਹੀਂ ਰਖਿਆ ਜਾ ਸਕਦਾ, ਇਹਨੂੰ ਤਾਂ ਕਿਸੇ ਚੌਥੇ ਦਰਜੇ ਦੇ ਅਤਿ ਗਰੀਬ ਮੁਲਕਾਂ ਦੇ ਪੱਧਰ ਤੇ ਰੱਖ ਕੇ ਹੀ ਦੇਖਿਆ ਜਾਵੇਗਾ। ਜਦੋਂ ਮੈਂ ਮੇਰੀ ਟਾਈਲਰ ਦੀ ਇਹ ਆਪ ਬੀਤੀ ਇਸ ਪੁਸਤਕ ਵਿਚ ਪੜ੍ਹ ਰਿਹਾ ਸੀ ਤਾਂ ਮੇਰੇ ਜ਼ਿਹਨ ਅੱਗਿਓਂ ਪ੍ਰੇਮ ਚੰਦ ਦੇ 'ਗੋਦਾਨ' ਦਾ ਹੋਰੀ 'ਕੱਫਣ' ਕਹਾਣੀ ਦੇ 'ਘੀਸੂ' ਅਤੇ 'ਮਾਧਵ' ਅਤੇ 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ ਦਾ ਨਾਵਲ) ਦਾ ਜਗਸੀਰ ਵਰਗੇ ਅਨੇਕਾਂ ਪਾਤਰ ਜੀਉਂਦੇ ਜਾਗਦੇ ਵਿਅਕਤੀਆਂ ਦੇ ਰੂਪਵਿਚ ਘੁੰਮਦੇ ਫਿਰਦੇ ਨਜ਼ਰ ਆਉਣ ਲਗੇ। ਪ੍ਰੇਮ ਚੰਦ ਦੇ ਨਾਵਲ ਅਤੇ ਕਹਾਣੀ ਦੇ ਤਾਂ ਇਹ ਕਲਪਿਤ ਪਾਤਰ ਹੀ ਸਨ ਪਰ ਇਥੇ ਮੈਂ ਇਨ੍ਹਾਂ ਪਾਤਰਾਂ ਨੂੰ ਅਸਲੀ ਜੀਵਨ ਵਿਚ ਦੇਖਕੇ ਸਚਮੁੱਚ ਝੰਜੋੜਿਆ ਗਿਆ ਹਾਂ।

ਜੇਲ੍ਹ ਦੀਆਂ ਹਨੇਰ ਕੋਠਰੀਆਂ ਅੰਦਰ ਘੋਰ ਅਣ-ਮਨੁੱਖੀ ਹਾਲਤਾਂ ਵਿਚ ਜ਼ਿੰਦਗੀ ਨੂੰ ਧੱਕਾ ਦੇ ਰਹੇ ਇਨਸਾਨਾਂ ਦਾ ਕਠੋਰ ਅਤੇ ਘਿਨਾਉਣਾ ਜੀਵਨ ਦੇਖਕੇ ਇਹ ਦਲੇਰ ਔਰਤ ਘਬਰਾਈ ਨਹੀਂ–ਉਹਨੇ ਆਪਣੇ ਮਨੋ-ਬਲ ਨੂੰ ਡਗਿਆ ਨਹੀਂ ਸਗੋਂ ਚੜ੍ਹਦੀ ਕਲਾ ਵਿਚ ਰਹਿਕੇ ਸਾਰੇ ਕੁਝ ਦਾ ਡੂੰਘਾ ਅਧਿਅਨ ਕੀਤਾ ਅਤੇ ਸਮਝਣ ਦੀ ਕੋਸ਼ਸ਼ ਕੀਤੀ ਕਿ ਇਹ ਸਾਰਾ ਕੁਝ ਇਥੇ ਕਿਉਂ ਹੈ? ਜੇਲ੍ਹ ਵਿਚ ਸਮਾਜ ਦੇ ਅਤਿ ਦਰਜੇ ਦੇ ਦਬੇ ਕੁਚਲੇ ਲੋਕਾਂ ਅਤੇ ਜਮਹੂਰੀ ਲਹਿਰ ਨਾਲ ਜੁੜੇ ਵਿਅਕਤੀਆਂ ਦੇ ਜੀਵਨ ਢੰਗ ਨਾਲ ਉਹਨੇ ਆਪਣੇ ਆਪ ਨੂੰ ਢਾਲਿਆ ਅਤੇ ਸਵੈ-ਤਿਆਗ ਦੀ ਭਾਵਨਾ ਨਾਲ ਆਪਣੇ ਹਰ ਸਹਿਯੋਗੀ ਕੈਦੀ ਦੀ ਪੂਰੀ ਸਹਾਇਤਾ ਕਰਨ ਦੀ ਕੋਸ਼ਸ਼ ਕੀਤੀ। ਜੇਲ੍ਹ ਵਿਚ ਕਲਪਨਾ ਉਹਦੀ ਅਜੇਹੀ ਹੀ ਸਹਿਯੋਗੀ ਕੈਦਣ ਸੀ ਜ਼ਿਸ ਤੋਂ ਉਹ ਬੇਹਦ ਪ੍ਰਭਾਵਤ ਹੋਈ ਸੀ।

ਮੇਰੀ ਟਾਈਲਰ ਇਹ ਸ਼ਿਦੱਤ ਨਾਲ ਮਹਿਸੂਸ ਕਰਦੀ ਹੈ ਕਿ ਧਰਮਾਂ ਜਾਤਾਂ ਵਿਚ ਵੰਡੇ ਹੋਏ ਭਾਰਤੀ ਸਮਾਜ ਵਿਚ ਲੁਟ ਦਾ ਪ੍ਰਬੰਧ ਇਨਾ ਨਿਰਦਈ ਹੈ ਕਿ ਇਹ ਆਮ ਵਿਅਕਤੀ ਨੂੰ ਜਾਂ ਤਾਂ ਵਿਚਾਰਹੀਣ ਬਣਾ ਦਿੰਦਾ ਹੈ ਜਾਂ ਫੇਰ ਕਈ ਵਾਰਾ ਨੀਮ-ਪਾਗਲ ਜਾਂ ਡਾਕੂ ਬਣਾ ਦਿੰਦਾ ਹੈ। ਗੱਲ ਵੀ ਠੀਕ ਹੈ ਕਿ ਜਿਹੜੇ ਸਮਾਜ ਵਿਚ ਏਨੀ ਅਗਿਆਨਤਾ, ਅਨਪੜ੍ਹਤਾ ਅਤੇ ਕੰਗਾਲੀ ਹੋਵੇ ਉਥੇ ਕੋਈ ਵਿਅਕਤੀ ਇਨਸਾਫ ਪ੍ਰਾਪਤ ਕਰਨ ਲਈ ਚੋਰ, ਡਾਕੂ ਬਣਨ ਤੋਂ ਸਿਵਾ ਹੋਰ ਕਿਹੜਾ ਰਾਹ ਅਖਤਿਆਰ ਕਰ ਸਕਦਾ ਹੈ! ਇਹੋ ਜਿਹੇ ਲੁਟੇਰੇ ਪ੍ਰਬੰਧ ਵਿਚ ਕਿਸੇ ਵੀ ਵਿਅਕਤੀ ਨੂੰ ਛੋਟਾ ਮੋਟਾ ਲਾਲਚ ਦੇਕੇ (ਇਕ ਸ਼ਰਾਬ ਦੀ ਬੋਤਲ ਜਾਂ ਪੰਜ ਸੌ ਰੁਪਇਆ ਹੀ ਕਾਫੀ ਹੈ) ਕੋਈ ਵੀ ਭੈੜੇ ਤੋਂ ਭੈੜਾ ਕੰਮ ਕਰਵਾਇਆ ਜਾ ਸਕਦਾ ਹੈ।

'ਭਾਰਤੀ ਜੇਲ੍ਹਾਂ ਵਿਚ ਪੰਜ ਵਰ੍ਹੇ' ਪੁਸਤਕ ਵਿਚ ਲੇਖਕਾ ਨੇ ਭਾਰਤ ਦੇ ਅਰਧ ਜਗੀਰੂ ਆਰਥਕ ਢਾਂਚੇ ਦਾ ਹੀ ਵਿਸ਼ਲੇਸ਼ਣ ਨਹੀਂ ਕੀਤਾ ਸਗੋਂ ਇਹਦੇ ਨਾਲ ਜੁੜੇ ਹੋਏ ਸਥਾਪਤ ਜਗੀਰੂ ਅਤੇ ਪੂੰਜੀਵਾਦੀ ਮਿਲੇ ਜੁਲੇ ਪਿਛਾਖੜੀ ਸਭਿਆਚਾਰ ਨੂੰ ਵੀ ਬੜੀ ਸੂਖਮਤਾ ਅਤੇ ਗਹਿਰਾਈ

ਨਾਲ ਸਮਝਣ ਦੀ ਕੋਸ਼ਿਸ਼ ਕੀਤੀ। ਜੇ ਕਿਸੇ ਸਾਹਿਤਕ ਕ੍ਰਿਤ ਦਾ ਮੰਤਵ ਪਾਠਕ ਦੇ ਮਨ ਵਿਚ ਕਿਸੇ ਸਮਾਜਕ ਤਾਣੇ ਬਾਣੇ ਬਾਰੇ ਗੰਭੀਰ ਸਵਾਲ ਖੜੇ ਕਰਨਾ ਹੁੰਦਾ ਹੈ ਤਾਂ ਇਸ ਪਖੋਂ ਵੀ ਇਹ ਪੁਸਤਕ ਬੜੀ ਸ਼ਕਤੀਸ਼ਾਲੀ ਕਿਰਤ ਹੈ। ਪੁਸਤਕ ਪੜ੍ਹਦਿਆਂ ਪੜ੍ਹਦਿਆਂ ਹੀ ਭਾਰਤ ਦੇ ਸਮਾਜਕ ਪ੍ਰਬੰਧ ਬਾਰੇ ਪਾਠਕ ਦੇ ਮਨ ਵਿਚ ਅਨੇਕਾਂ ਪ੍ਰਸ਼ਨ ਖੜੇ ਹੋ ਜਾਂਦੇ ਹਨ—ਉਹ ਸਵਾਲ ਜਿਨ੍ਹਾਂ ਬਾਰੇ ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ। ਸਾਡੇ ਅਰਧ ਜਗੀਰੂ ਸਮਾਜਕ ਪ੍ਰਬੰਧ ਅੰਦਰ ਸੁਭਾਵਕ ਦੇ ਪਰਿਵਾਰ ਦਾ ਸੁਭਾ ਵੀ ਬੁਨਿਆਦੀ ਰੂਪ ਵਿਚ ਜਗੀਰੂ ਹੀ ਹੈ। ਜਗੀਰੂ ਸੰਸਕਾਰ ਅਤੇ ਪੁਰਾਤਨ ਪੱਖੀ ਕਦਰਾਂ ਕੀਮਤਾਂ ਜਿਉਂ ਦੀਆਂ ਤਿਉਂ ਕਾਇਮ ਹਨ। ਪੁਸਤਕ ਪੜ੍ਹਕੇ ਜਾਪਦਾ ਹੈ ਜਿਵੇਂ ਭਾਰਤੀ ਸਮਾਜ ਦੇ ਮੂਲ ਵਿਚ ਖਲੋ-ਤੀਆਂ ਅਨਿਆਂ ਦੀਆਂ ਦੀਵਾਰਾਂ ਨਾਲ ਟਕਰਾਉਂਦੇ, ਆਪਣਾ ਸਿਰ ਭੰਨਦੇ ਅਣਗਿਣਤ ਇਨਸਾਨ ਅਚਾਨਕ ਸਾਹਮਣੇ ਆ ਖਲੋਤੇ ਹੋਣ ਅਤੇ ਉਨ੍ਹਾਂ ਦੇ ਜੀਵਨ ਦੀ ਪੀੜ ਅਤੇ ਘੁਟਨ ਪਾਠਕ ਦੇ ਦਿਲ ਨੂੰ ਵਿੰਨ੍ਹ ਕੇ ਰੱਖ ਦਿੰਦੀ ਹੈ। 'ਭਾਰਤੀ ਸਮਾਜ ਵਿਚ ਪੂੰਜੀਵਾਦੀ ਸੱਭਿਆ-ਚਾਰ ਦਾ ਵਿਕਾਸ ਸ਼ੁਰੂ ਹੈ, ਪਰ ਸਮਾਜਕ ਜੀਵਨ ਦੇ ਅਮਲ ਵਿਚ ਅਸੀਂ ਦੇਖਦੇ ਹਾਂ ਕਿ ਸਮਾਜਕ ਰਿਸ਼ਤਿਆਂ ਉਤੇ ਜਾਗੀਰੂ ਕਦਰਾਂ ਦੀ ਪਕੜ ਅਜੇ ਬਹੁਤ ਪੀਡੀ ਹੈ। ਸਾਡੇ ਪਰਿਵਾਰਾਂ ਦੇ ਹਰ ਮਾਮਲੇ ਵਿਚ ਮਰਦ ਕਿਸੇ ਹਿਟਲਰ ਤੋਂ ਘੱਟ ਨਹੀਂ ਹੈ। ਘਰ ਵਿਚ ਮਰਦ ਦੇ ਦਾਬੇ ਅਤੇ ਦਹਿਸ਼ਤ ਹੇਠ ਰਹਿ ਰਹੀ ਔਰਤ ਦੀਆਂ ਸੱਧਰਾਂ ਅਤੇ ਉਮੰਗਾਂ ਕਿਵੇਂ ਬੇਜ਼ੁਬਾਨ ਹੋ ਕੇ ਰਹਿ ਜਾਂਦੀਆਂ ਹਨ

ਪੱਛਮੀ ਸਮਾਜ ਦੇ ਖੁੱਲੇ ਮਹੌਲ ਵਿਚ ਜੰਮੀ ਪਲੀ ਇਸ ਔਰਤ ਲਈ ਬਹੁਤ ਹੈਰਾਨਕੁਨ ਹੈ। ਉਹ ਬੜੀ ਹੈਰਾਨ ਰਹਿ ਗਈ ਜਦੋਂ ਉਸਨੇ ਦੇਖਿਆ ਕਿ ਇਕ ਮੁਸਲਮਾਨ ਲੜਕੀ ਵਲੋਂ ਕਿਸੇ ਹਿੰਦੂ ਲੜਕੇ ਨਾਲ ਪ੍ਰੀਤ-ਵਿਆਹ ਕਰਨ ਦੇ ਬਦਲੇ ਉਹਦੇ ਚਾਚੇ (ਲੜਕੀ ਦੇ) ਨੇ ਅਦਾਲਤੀ ਕਾਰਵਾਈ ਰਾਹੀਂ ਲੜਕੀ ਨੂੰ ਜੇਲ੍ਹ ਵਿਚ ਕੈਦ ਕਰਵਾ ਦਿਤਾ। ਆਪਣੀ ਆਪ ਬੀਤੀ ਨੂੰ ਬਿਆਨ ਕਰ-ਦਿਆਂ ਲੇਖਕਾ ਭਾਰਤ ਦੇ ਸਮਾਜ ਦੀ ਜਗੀਰੂ ਮਰਿਆਦਾ ਦੇ ਪੁਰਾਣੇ ਮਾਪਦੰਡਾਂ ਨੂੰ ਥਾਂ ਥਾਂ ਨੰਗਿਆਂ ਕਰਦੀ ਹੈ। ਉਹਨੇ ਭਾਰਤੀ ਔਰਤ ਦੀ ਸਮਾਜਕ ਸਥਿਤੀ ਦਾ ਅਧਿਅਨ ਜੇਲ੍ਹ ਵਿਚਲੀਆਂ ਕੈਦੀ ਔਰਤਾਂ ਰਾਹੀਂ ਹੀ ਕੀਤੀ ਹੈ। ਜੇਲ੍ਹ ਦੀ ਕਠਨਾਈਆਂ ਦਾ ਦਲੇਰੀ ਨਾਲ ਸਾਹਮਣਾ ਕਰਦੀ ਹੋਈ ਉਹ ਸਾਨੂੰ ਆਪਣੇ ਸਮਾਜ ਬਾਰੇ ਬਹੁਤ ਕੁਝ ਨਵਾਂ ਸੋਚਣ ਅਤੇ ਸਮਝਣ ਲਈ ਦਿੰਦੀ ਹੈ। ਉਹ ਇਹ ਸੋਚ ਕੇ ਵੀ ਬੜੀ ਹੈਰਾਨ ਹੈ ਕਿ ਕਿਸ ਤਰ੍ਹਾਂ ਦਾ ਹੈ ਇਹ ਭਾਰਤੀ ਸਮਾਜ ਜਿਥੇ ਇਕ ਮਾਂ ਸਮਾਜ ਵਿਚ ਆਪਣੀ ਇੱਜ਼ਤ ਨੂੰ, ਜਾਂ ਇਉਂ ਕਹਿ ਲਓ ਜੀਉਣ ਦਾ ਹੱਕ ਬਹਾਲ ਕਰਨ ਲਈ ਆਪਣੀ ਧੀ ਦਾ ਆਪਣੇ ਹੱਥੀਂ ਇਸ ਕਰਕੇ ਕਤਲ ਕਰ ਦਿੰਦੀ ਹੈ ਕਿਉਂਕਿ ਪਿੰਡ ਦੇ ਮੁਖੀਏ ਨੇ ਉਹਦੇ ਨਾਲ ਜਬਰ ਜਿਨਾਹ ਕਰਕੇ ਉਹਨੂੰ ਗਰਭਵਤੀ ਕਰ ਦਿਤਾ ਸੀ। ਇਹ ਹੈ ਸਾਡੇ ਸਮਾਜ ਦਾ ਵਰਤਾਰਾ, ਕਸੂਰ ਕੋਈ ਕਰੇ ਅਤੇ ਭੁਗਤਦਾ ਕੋਈ ਫਿਰੇ। ਜੇਲ੍ਹ ਵਿਚੋਂ ਹੋਰ ਇਹੋ ਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਲੇਖਕਾ ਨੇ ਬਿਆਨ ਕੀਤੀਆਂ ਹਨ ਜੋ ਸਾਡੇ ਜਗੀਰੂ ਸਮਾਜ ਦੀਆਂ ਬੋਦੀਆਂ ਹੋ ਚੁਕੀਆਂ, ਸਮਾਂ ਵਿਹਾ ਚੁਕੀਆਂ ਕਦਰਾਂ ਕੀਮਤਾਂ ਨੂੰ ਬੇ-ਨਕਾਬ ਕਰਦੀਆਂ ਹਨ। ਪੁਸਤਕ ਦੇ ਹਰ ਭਾਗ ਦੀ ਹਰ ਸਤਰ ਵਿਚੋਂ ਲੇਖਕਾ ਦਾ ਭਾਰਤ ਦੇ ਮਿਹਨਤਕਸ਼ ਲੋਕਾਂ ਅਤੇ ਲੋਕਾਂ ਦੀ ਮੁਕਤੀ ਲਈ ਲੜ ਰਹੇ ਕਮਿਊਨਿਸਟ ਇਨਕਲਾਬੀਆਂ ਪ੍ਰਤੀ ਗਹਿਰੀ ਹਮਦਰਦੀ, ਸੁਹਿਰਦਤਾ ਅਤੇ ਮੋਹ ਡੁਲ੍ਹ ਡੁਲ੍ਹ ਪੈਂਦਾ ਹੈ। ਭਾਰਤ ਦੇ ਮਿਹਨਤ-ਕਸ਼ ਲੋਕਾਂ ਨੂੰ ਅਜੇਹਾ ਮੋਹ, ਪਿਆਰ ਅਤੇ ਹਮਦਰਦੀ ਸ਼ਾਇਦ ਹੀ ਕਿਸੇ ਵਿਦੇਸ਼ੀ ਨੇ ਦਿਤੇ ਹੋਣ।

ਭਾਰਤ ਦਾ ਅਦਾਲਤੀ ਢਾਂਚਾ ਅਤੇ ਕਾਨੂੰਨ-ਪ੍ਰਬੰਧ ਜੇਲ ਅੰਦਰ ਕੈਦ ਭੋਗ ਰਹੇ ਕੈਦੀਆਂ ਉਤੇ ਚਲ ਰਹੇ ਸਿਧੇ, ਵਿੰਗੇ ਅਤੇ ਸੱਚੇ ਝੂਠੇ ਬੇਸਿਰ ਪੈਰ ਦੇ ਮੁਕੱਦਮਿਆਂ ਦਾ ਬਿਆਨ ਕਰਦਿਆਂ ਲੇਖਕਾ ਨੇ ਭਾਰਤ ਦੇ ਅਦਾਲਤੀ ਢਾਂਚੇ ਦੀ ਖਸਤਾ ਹਾਲਤ ਵਲ ਵੀ ਸਾਡਾ ਧਿਆਨ ਖਿਚਿਆ ਹੈ। ਲੇਖਕਾ ਨੇ ਜਿਸ ਢੰਗ ਨਾਲ ਕਾਨੂੰਨ-ਪ੍ਰਬੰਧ ਦਾ ਵਿਸ਼ਲੇਸ਼ਣ ਕੀਤਾ ਹੈ—ਸਚ ਤਾਂ ਇਹ ਹੈ ਕਿ ਇਥੋਂ ਦਾ ਕਾਨੂੰਨ ਪ੍ਰਬੰਧ ਅਤੇ ਅਦਾਲਤੀ ਢਾਂਚਾ ਏਨਾਂ ਗੁੰਝਲਦਾਰ ਹੈ ਕਿ ਸਾਧਾਰਣ ਵਿਅਕਤੀ ਨੂੰ ਤਾਂ ਇਨਸਾਫ ਦਾ ਸੁਪਨਾ ਵੀ ਨਹੀਂ ਲੈਣਾ ਚਾਹੀਦਾ। ਅਜ ਤੋਂ ਸੌ ਸਵਾ ਸੌ ਸਾਲ ਪਹਿਲਾਂ ਬਰਤਾਨਵੀ ਸਰਕਾਰ ਨੇ ਜਿਹੜਾ ਅਦਾਲਤੀ ਢਾਂਚਾ ਲਾਗੂ ਕੀਤਾ ਸੀ—ਬੁਨਿਆਦੀ ਰੂਪ ਵਿਚ ਇਹ ਜਿਓਂ ਦਾ ਤਿਓਂ ਲੋਕਾਂ ਉਤੇ ਠੋਸਿਆ ਜਾ ਰਿਹਾ ਹੈ। ਲੇਖਕਾ ਦੇ ਕਹਿਣ ਅਨੁਸਾਰ ਭਾਰਤ ਦਾ ਨਿਆਂ-ਪ੍ਰਬੰਧ ਅਜੇਹਾ ਹੈ, "ਜਿੱਥੇ ਨਿਯਮਤ ਰੂਪ ਵਿਚ ਬੇਇਨਸਾਫੀ ਅਤੇ ਭੁਲੇ ਭਟਕੇ ਇਨਸਾਫ ਮਿਲਦਾ ਹੈ।" ਜੇਲ੍ਹਾਂ ਵਿਚ ਸੈਂਕੜੇ ਕੈਦੀ ਕਿੰਨੇ ਹੀ ਸਾਲ (5–10 ਜਾਂ ਇਸ ਤੋਂ ਵਧ ਸਾਲਾਂ) ਤੋਂ ਕੈਦ ਭੁਗਤ ਰਹੇ ਹਨ ਪਰ ਅਦਾਲਤ ਵਿਚ ਉਨ੍ਹਾਂ ਦਾ ਮੁਕੱਦਮਾ ਅਜੇ ਵੀ ਸ਼ੁਰੂ ਨਹੀਂ ਹੋਇਆ—ਉਨ੍ਹਾਂ ਨੂੰ ਕੋਈ ਪਤਾ ਵੀ ਨਹੀਂ ਕਿ ਉਨ੍ਹਾਂ ਦਾ ਮੁਕੱਦਮਾ ਕਦੋਂ ਸ਼ੁਰੂ ਹੋਣਾ ਹੈ।

ਸਾਡੇ ਸਮਾਜ ਵਿਚਲੇ ਅਣਮਨੁਖੀ ਆਰਥਕ ਪਾੜੇ ਦੀ ਤਸਵੀਰ ਪੇਸ਼ ਕਰਦਿਆਂ ਇਕ ਥਾਂ ਲੇਖਕਾ ਗਹਿਰੀ ਮਾਨਸਕ ਪੀੜ ਮਹਿਸੂਸ ਕਰਦਿਆਂ ਕਹਿੰਦੀ ਹੈ, "ਆਗਰੇ

ਵਿਚ ਮੈਂ ਤਾਜ ਮਹਿਲ ਦੀ ਫ਼ੋਟੋ ਉਂਝ ਹੀ ਖਿੱਚੀ ਸੀ ਜਿਵੇਂ ਕੋਈ ਸੈਲਾਨੀ ਆਪਣਾ ਫਰਜ਼ ਨਿਭਾ ਰਿਹਾ ਹੋਵੇ ਪਰੰਤੂ ਬਾਅਦ ਵਿਚ ਇਸ ਸ਼ਹਿਰ ਬਾਰੇ ਜੋ ਚੀਜ਼ ਮੈਨੂੰ ਯਾਦ ਆਉਂਦੀ ਰਹੀ ਉਹ ਸੀ ਰਿਕਸ਼ਾ ਚਲਾਉਣ ਵਾਲੇ ਦੀ ਤਰਸਯੋਗ ਹਾਲਤ ਜੋ ਗਰੀਬੀ ਤੋਂ ਮਜਬੂਰ ਹੋਕੇ ਘੰਟਿਆਂ ਬੱਧੀ ਮੇਰੇ ਪਿਛੇ ਇਸੇ ਉਮੀਦ ਵਿਚ ਚੱਕਰ ਲਾਉਂਦਾ ਰਿਹਾ ਕਿ ਸ਼ਾਇਦ ਮੈਂ ਉਸਨੂੰ ਕਿਰਾਏ ਤੇ ਲੈ ਲਵਾਂ, ਜਿਸ ਨਾਲ ਉਹ ਆਪਣੇ ਪਰਿਵਾਰ ਲਈ ਰੋਟੀ ਅਤੇ ਲੂਣ ਦਾ ਇੰਤਜ਼ਾਮ ਕਰ ਸਕੇ...ਅਖੀਰ ਨੂੰ ਭਾਰਤ ਦੇ ਪ੍ਰਾਚੀਨ ਇਤਿਹਾਸ ਅਤੇ ਪ੍ਰਾਚੀਨ ਸੰਸਕ੍ਰਿਤੀ ਦਾ ਮੇਰੇ ਲਈ ਉਹ ਅਰਥ ਨਹੀਂ ਸੀ ਰਹਿ ਗਿਆ ਜੋ ਹੋਰਨਾਂ ਸੈਲਾਨੀਆਂ ਲਈ ਸੀ।'

ਭਾਰਤ ਦੀ ਭ੍ਰਿਸ਼ਟ ਅਤੇ ਮੱਕਾਰ ਅਫਸਰਸ਼ਾਹੀ ਨੇ ਮੇਰੀ ਟਾਈਲਰ ਦੀ ਸ਼ਾਦੀ ਨੂੰ ਅਖੀਰ ਤੱਕ ਮਾਨਤਾ ਵੀ ਨਾ ਦਿਤੀ, ਮੁਕੱਦਮਾ ਵੀ ਨਾ ਸ਼ੁਰੂ ਕੀਤਾ ਅਤੇ ਜੇਲ੍ਹ ਦੇ ਅਰਸੇ ਦੌਰਾਨ ਉਸਨੂੰ ਆਪਣੇ ਪਤੀ ਅਮਲੇਂਦੂ ਸੇਨ (ਜੋ ਕਿ ਆਪ ਕਿਸੇ ਹੋਰ ਜੇਲ੍ਹ ਵਿਚ ਸੀ) ਨੂੰ ਮਿਲਣ ਵੀ ਨਾ ਦਿਤਾ। ਉਹਦੇ ਲਈ ਸਿੱਧਾ ਲੰਦਨ ਦੀ ਟਿਕਟ ਦਾ ਪ੍ਰਬੰਧ ਕਰਕੇ ਉਸਨੂੰ ਜਬਰੀ ਜਹਾਜ਼ ਵਿਚ ਬਿਠਾ ਦਿੱਤਾ।

ਭਾਰਤ ਦੀਆਂ ਵਿਰੋਧੀ ਪਾਰਟੀਆਂ, ਦੋਨਾਂ ਕਮਿਊਨਿਸਟ ਪਾਰਟੀਆਂ ਅਤੇ ਕਮਿਊਨਿਸਟ ਇਨਕਲਾਬੀਆਂ ਬਾਰੇ ਪ੍ਰਗਟਾਏ ਗਏ ਲੇਖਕਾਂ ਦੇ ਇਹ ਵਿਚਾਰ ਸਾਡੀ ਸਮੁਚੀ ਕਮਿਊਨਿਸਟ ਲਹਿਰ ਦੀ ਹਕੀਕਤ ਬਿਆਨ ਕਰ ਦਿੰਦੇ ਹਨ, "ਜਿਥੋਂ ਤਕ ਮੇਰਾ ਸਵਾਲ ਹੈ,ਨਕਸਲਬਾੜੀ ਲਹਿਰ ਸਬੰਧੀ ਮੈਂ ਕਿਸੇ ਵਿਆਪਕ ਜਾਣਕਾਰੀ ਦਾ ਦਾਅਵਾ ਨਹੀਂ ਕਰ ਸਕਦੀ, ਇਹਦਾ ਕਾਫੀ ਹਿੱਸਾ ਮੈਂ ਜੇਲ੍ਹ ਵਿਚ ਰਹਿਕੇ ਹੀ ਜਾਣਿਆ ਹੈ। ਮੈਂ ਜਿਨ੍ਹਾਂ ਨਕਸਲਬਾੜੀਆਂ ਦੇ ਸੰਪਰਕ ਵਿਚ ਆਈ ਹਾਂ, ਉਨ੍ਹਾਂ ਦੀ ਲਗਨ ਈਮਾਨਦਾਰੀ ਨੇ, ਉਨ੍ਹਾਂ ਦੀ ਦੇਸ਼ ਭਗਤੀ ਅਤੇ ਸਵੈ-ਕੁਰਬਾਨੀ ਲਈ ਹਮੇਸ਼ਾ ਤਿਆਰ ਰਹਿਣ ਦੀ ਬਿਰਤੀ ਨੇ ਮੈਨੂੰ ਬੇਹਦ ਪ੍ਰਭਾਵਤ ਕੀਤਾ ਹੈ। ਜੇਲ੍ਹ ਦੇ ਮੁਲਾਜ਼ਮ ਤੇ ਕੈਦੀਆਂ ਦੋਵਾਂ ਨੂੰ ਮੈਂ ਉਹਨਾਂ ਦੀ ਤਰੀਫ਼ ਕਰਦਿਆਂ ਸੁਣਿਆ ਹੈ—ਉਨ੍ਹਾਂ ਦੀ ਹਿੰਮਤ, ਵਿਆਪਕ ਭ੍ਰਿਸ਼ਟਾਚਾਰ ਪ੍ਰਤੀ ਉਨ੍ਹਾਂ ਦਾ ਵਿਰੋਧ,ਨਿਰਸੁਆਰਥ ਭਾਵਨਾ ਤੇ ਬੇਹਦ ਦੱਬੇ ਹੋਏ ਪੀੜਤ ਤਬਕੇ ਨਾਲ—ਵੀ ਪੂਰੀ ਤਰ੍ਹਾਂ ਘੁਲ ਮਿਲ ਜਾਣ ਦੀ ਉਨ੍ਹਾਂ ਦੀ ਸਮੱਰਥਾ ਦੀ ਤਾਰੀਫ਼ ਕਰਦੇ ਹਨ। ਸਰਕਾਰ ਦੇ ਜ਼ਬਰਦਸਤ ਵਿਰੋਧ ਦੇ ਬਾਵਜੂਦ ਨਕਸਲਬਾੜੀ ਅੰਦੋਲਨ ਦਾ ਚਲਦੇ ਰਹਿਣਾ ਹੀ ਇਸ ਗੱਲ ਵਲ ਇਸ਼ਾਰਾ ਹੈ ਕਿ 'ਭਾਰਤੀ ਜੰਤਾ ਦੀਆਂ ਲੋੜਾਂ ਦੇ ਪ੍ਰਸੰਗ ਵਿਚ ਇਸ ਸਿਆਸਤ ਦੀ ਕਿੰਨੀ ਪ੍ਰਸੰਗਤਾ ਹੈ।ਭਾਰਤੀ ਪਾਰਲੀਮੈਂਟਰੀ ਲੋਕਤੰਤਰ ਨੂੰ ਉਨ੍ਹਾਂ ਇਕ ਧੋਖਾ ਕਹਿਕੇ ਨਾਮੰਜ਼ੂਰ ਕੀਤਾ ਹੈ ਅਤੇ...ਹੁਣ ਪਾਰਲੀਮੈਂਟਰੀ ਪ੍ਰਣਾਲੀ ਰਾਹੀਂ ਕਾਰਗਰ ਢੰਗ ਨਾਲ ਕੰਮ ਕਰ ਸਕਣ ਤੀ ਵਿਰੋਧੀ ਪਾਰਟੀਆਂ ਦੀ ਸੰਪੂਰਣ ਅਸਫਲਤਾ ਨੇ ਇਸਨੂੰ ਸਾਬਤ ਵੀ ਕਰ ਦਿੱਤਾ ਹੈ...।"

ਇਹ ਮੇਰਾ ਵਿਸ਼ਵਾਸ ਹੈ ਕਿ ਅੰਗਰੇਜ਼ ਲੇਖਕਾ ਮੇਰੀ ਟਾਈਲਰ ਦੀ ਇਹ ਪੁਸਤਕ ਸਾਡੇ ਜਨ-ਸਾਧਾਰਣ ਨੂੰ ਸਮੇਂਕਾਲੀ ਸਮਾਜਕ ਸਥਿਤੀ ਨੂੰ ਡੂੰਘਾਈ ਤਕ ਸਮਝਣ ਲਈ ਚੇਤੰਨ ਕਰੇਗੀ,ਬੁਧੀਜੀਵੀਆਂ ਦੀ ਜ਼ਮੀਰ ਨੂੰ ਹਲੂਣੇਗੀ ਅਤੇ ਕਮਿਊਨਿਸਟ ਇਨਕਲਾਬੀਆਂ ਨੂੰ ਸਮਾਜ ਦੇ ਆਰਥਕ-ਸਿਆਸੀ ਸੰਕਟ ਨੂੰ ਹੋਰ ਵੀ ਘੋਖਵੀਂ ਅੱਖ ਨਾਲ ਸਮਝਣ, ਆਪਣੇ ਨਿੱਕੇ ਮੋਟੇ ਸਿਆਸੀ ਮਤਭੇਦਾਂ ਨੂੰ ਭੁਲਕੇ ਇਕ ਸਾਂਝੇ ਫਰੰਟ ਤੇ ਇਕੱਠਿਆਂ ਹੋ ਕੇ ਇਨਕਲਾਬੀ ਸੰਘਰਸ਼ ਦੇ ਰਾਹ ਤੇ ਅਗਾਂਹ ਵਧਣ ਲਈ ਪ੍ਰੇਰੇਗੀ। ਮੈਨੂੰ ਇਹ ਵੀ ਉਮੀਦ ਹੈ ਕਿ ਸਾਡਾ ਕਮਿਊਨਿਸਟ ਭਾਈਚਾਰਾ, ਜਨਸਾਧਾਰਣ ਅਤੇ ਬੁਧੀਜੀਵੀ ਲੋਕ ਇਸ ਮਹਾਨ ਔਰਤ ਦੇ ਉਚੇਰੇ ਚਰਿੱਤਰ, ਸਵੈ-ਸੰਜਮ, ਸਵੈ-ਤਿਆਗ, ਸਵੈ-ਅਲੋਚਨਾ, ਮਿਹਨਤਕਸ਼ ਲੋਕਾਂ ਲਈ ਗਹਿਰੀ ਸੰਵੇਦਨਸ਼ੀਲਤਾ ਅਤੇ ਦਲੇਰੀ ਤੋਂ ਡੂੰਘੀ ਤਰ੍ਹਾਂ ਪ੍ਰਭਾਵਤ ਹੋ ਕੇ ਸਦੀਆਂ ਤੋਂ ਕੁਚਲੇ ਜਾ ਰਹੇ ਮਿਹਨਤੀ ਲੋਕਾਂ ਦੀ ਮੁਕਤੀ ਲਈ ਜ਼ਰੂਰ ਕਿਰਿਆਸ਼ੀਲ ਹੋਣਗੇ। ਇਸ ਔਰਤ ਦੇ ਜੇਲ੍ਹ ਵਿਚ ਗੁਜ਼ਾਰੇ ਸੰਘਰਸ਼ਮਈ ਜੀਵਨ ਤੋਂ ਉਹ ਇਕ ਨਵਾਂ ਉਤਸ਼ਾਹ ਅਤੇ ਪ੍ਰੇਰਨਾ ਲੈਣਗੇ ਅਤੇ ਸਮੇਂ ਦੀਆਂ ਨਿਤ ਵਧ ਰਹੀਆਂ ਚੁਨੌਤੀਆਂ ਨੂੰ ਕਬੂਲ ਕਰਨ ਦੇ ਸਮਰੱਥ ਹੋ ਸਕਣਗੇ।

---


**ਪਲਸ ਮੰਚ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ**

ਜੰਗਲ ਦੇ ਵਿਰੁੱਧ : ਕੀਮਤ ਪੰਜ ਰੁਪਏ    1985 ਦਾ ਚੋਣਵਾਂ ਸਾਹਿਤ : ਕੀਮਤ ਦਸ ਰੁਪਏ

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ**

ਕਵਿਤਾ ਪੰਜਾਬ : ਸੰਪਾਦਕ ਪ੍ਰਮਿੰਦਰਜੀਤ/ਕੀਮਤ ਪੰਜ ਰੁਪਏ    ਲੋਕ ਸਬ : ਕੀਮਤ ਪੰਜ ਰੁਪਏ


---


ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ–ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 : ਵਾਰਸ਼ਿਕ ਚੰਦਾ 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

# ਸਿਨਮਾ ਅਤੇ ਸਭਿਆਚਾਰ ਦੀ ਲਹਿਰ

**ਅਮਰ ਆਫਤਾਬ**

ਅੱਜ ਦੇ ਮਨੁੱਖ ਦੀ ਸੋਚ ਅਤੇ ਸੁਭਾਅ ਨੂੰ ਉਸਾਰਨ ਤੇ ਪੱਕਾ ਕਰਨ ਵਿਚ ਜੋ ਪ੍ਰਸਥਿਤੀਆਂ ਹਿੱਸਾ ਪਾਉਂਦੀਆਂ ਹਨ, ਉਨ੍ਹਾਂ ਵਿਚੋਂ ਮਾਸ ਮੀਡੀਆ ਬਹੁਤ ਮਹੱਤਵਪੂਰਨ ਬਣ ਗਿਆ ਹੈ। ਇਸ ਮੀਡੀਆ ਵਿਚੋਂ ਅਗਾਂਹ ਫਿਲਮਾਂ ਅਤੇ ਟੈਲੀਵੀਜ਼ਨ ਦੋ ਸ਼ਕਤੀਸ਼ਾਲੀ ਮਾਧਿਅਮ ਹਨ। ਪਿਛਲੇ ਪੈਂਤੀ ਚਾਲੀ ਸਾਲਾਂ ਵਿਚ ਫਿਲਮਾਂ ਨੇ ਜਿਵੇਂ ਸਾਡੇ ਵਿਚਾਰਾਂ, ਆਦਤਾਂ ਤੇ ਸੁਭਾਅ ਨੂੰ ਪ੍ਰਭਾਵਤ ਕੀਤਾ ਹੈ, ਇਸ ਨੂੰ ਸਮਝਣਾ ਕੋਈ ਔਖਾ ਨਹੀਂ। ਫਿਲਮਾਂ ਨੇ ਲੋਕਾਂ ਵਿਚ ਕਿਸਮਤਵਾਦ ਦੇ ਵਿਸ਼ਵਾਸ ਨੂੰ ਪੱਕਾ ਕੀਤਾ ਹੈ, ਆਮ ਵਰਤਾਉ ਵਿਚ ਚਾਲਬਾਜ਼ੀ ਅਤੇ ਦੂਹਰੇ ਮਿਆਰਾਂ ਨੂੰ, ਰੋਜ਼-ਮਰਾ ਦੀ ਜ਼ਿੰਦਗੀ ਵਿਚ ਦਿਖਾਵੇ ਅਤੇ ਫੈਸ਼ਨਪ੍ਰਸਤੀ ਨੂੰ ਵਧਾਇਆ ਹੈ।

ਸਾਡੇ ਗਰੀਬ ਤਬਕੇ ਨੂੰ ਰੋਟੀ ਰੋਜ਼ੀ ਦੇ ਝੰਜਟਾਂ ਤੋਂ ਜਿੰਨੀ ਕੁ ਫੁਰਸਤ ਮਿਲਦੀ ਹੈ, ਉਸ ਨੂੰ ਉਹ ਇਉਂ ਬਿਤਾਉਂਦੇ ਹਨ ਕਿ ਰੋਜ਼ ਦੇ ਅਕਾਊ ਕੋਹਲੂ-ਗੇੜ ਤੋਂ ਕੁਝ ਰਾਹਤ ਮਹਿਸੂਸ ਹੋਵੇ। ਸੋ ਉਹ ਦੇਵੀਆਂ ਦੇ ਚਾਲਿਆਂ, ਸਤਿਸੰਗਾਂ, ਕੀਰਤਨਾਂ, ਜਗਰਾਤਿਆਂ ਆਦਿ ਵਿਚ ਸ਼ਾਮਲ ਹੁੰਦੇ ਹਨ ਜਾਂ ਫਿਰ ਅਜਿਹੀਆਂ ਫਿਲਮਾਂ ਦੇਖਦੇ ਹਨ ਜੋ ਉਨ੍ਹਾਂ ਨੂੰ ਸੁਪਨ-ਸੰਸਾਰ ਦੀ ਸੈਰ ਕਰਵਾ ਦੇਣ। ਗਰੀਬ ਤਬਕੇ ਦੀ ਇਸ ਕਮਜ਼ੋਰੀ ਨੂੰ ਲਾਲਚੀ ਫਿਲਮਾਂ ਵਾਲਿਆਂ ਵੀ ਦੋਹੀਂ ਹੱਥੀਂ ਲੁੱਟਿਆ ਹੈ ਅਤੇ ਧਾਰਮਿਕ ਪਾਖੰਡੀਆਂ ਵੀ। ਫਿਲਮਾਂ, ਅਸ਼ਲੀਲ ਲਿਖਤਾਂ ਤੇ ਟੈਲੀਵੀਜ਼ਨਾਂ ਨੇ ਰਲ ਮਿਲ ਕੇ ਇਕ ਬਿਮਾਰ ਮਨੋਬ੍ਰਿਤੀ ਨੂੰ ਜਨਮ ਦਿੱਤਾ ਹੈ। ਲੋਕਾਂ ਦੇ ਬਹੁਤ ਵੱਡੇ ਹਿੱਸੇ ਦਾ ਸੁਹਜ ਸਵਾਦ ਇਸ ਹੱਦ ਤੱਕ ਵਿਗਾੜ ਦਿੱਤਾ ਗਿਆ ਹੈ ਕਿ ਉਕਸਾਊ ਅਤੇ ਮਾਰ ਧਾੜ ਵਾਲੀਆਂ ਫਿਲਮਾਂ ਲਈ ਤਾਂ ਦਰਸ਼ਕਾਂ ਦੀਆਂ ਭੀੜਾਂ ਟੁੱਟ ਪੈਂਦੀਆਂ ਹਨ ਪਰ ਜਦੋਂ ਕਿਸੇ ਸਿਨਮੇ ਵਿਚ ਸੰਜੀਦਾ ਕਲਾਤਮਕ ਫਿਲਮ ਲਗਦੀ ਹੈ ਤਾਂ ਕੋਈ ਟਾਂਵਾਂ ਹੀ ਦਰਸ਼ਕ ਬਹੁੜਦਾ ਹੈ। ਸੋ ਸਿਨਮਾ-ਮਾਲਕ, ਵਿਸ਼ੇਸ਼ ਕਰਕੇ ਵੱਡੇ ਸਿਨਮਿਆਂ ਦੇ, ਧੂਮ-ਧੜੱਕੇ ਵਾਲੀਆਂ 'ਵੱਡੀਆਂ' ਫਿਲਮਾਂ ਨੂੰ ਹੀ ਪਹਿਲ ਦਿੰਦੇ ਹਨ।

ਫਿਲਮਾਂ ਦਾ ਸਭ ਤੋਂ ਵੱਧ ਮਾਰੂ ਅਸਰ ਪਿਆ ਹੈ–ਨਵੀਂ ਪੀੜੀ ਦੇ ਅੱਲੜ ਮਨਾਂ ਉਪਰ। ਫਿਲਮਾਂ ਦੀ ਨਕਲੀ ਚਮਕ ਦਮਕ, ਉਕਸਾਊ ਦ੍ਰਿਸ਼ਾ ਅਤੇ ਗੈਰ-ਕੁਦਰਤੀ ਮੌਕਾ ਮੇਲਾਂ ਨੇ ਨੌਜਵਾਨਾਂ ਦੇ ਮਨਾਂ ਵਿਚ ਇਕ ਕਾਲਪਨਿਕ ਸੁਪਨ-ਲੋਕ ਦੀ ਸਿਰਜਣਾ ਕੀਤੀ ਹੈ–ਜਿਸ ਵਿਚ ਪਹਾੜਾਂ ਦੀਆਂ ਵਾਦੀਆਂ, ਝਰਨੇ, ਮਹਿੰਗੇ ਬੰਗਲੇ ਤੇ ਕਾਰਾਂ ਹਨ, ਅਥਾਹ ਪੈਸਾ ਹੈ, ਤੜਕ ਭੜਕ ਹੈ ਅਤੇ ਚੁਲਬੁਲੀ ਹੁਸੀਨਾ ਵੀ ਹੈ। ਇਸ ਸੁਪਨ-ਸੰਸਾਰ ਦੀ ਕਲਪਨਾ ਨੇ ਅੱਲੜ ਮਨਾਂ ਨੂੰ ਆਲੇ ਦੁਆਲੇ ਦੀ ਜ਼ਿੰਦਗੀ ਦੇ ਯਥਾਰਥ ਤੋਂ ਦੂਰ ਕੀਤਾ ਅਤੇ ਕਿਸੇ ਵੀ ਸਮੂਹਕ ਸੰਘਰਸ਼ ਦੇ ਜਜ਼ਬੇ ਨੂੰ ਖੁੰਢਾ ਕੀਤਾ ਹੈ।

ਇਸ ਸੁਪਨ-ਲੋਕ ਨੂੰ ਸਾਕਾਰ ਕਰਨ ਲਈ ਦਲੇਰ ਨੌਜਵਾਨ ਡਾਕੇ ਮਾਰਦੇ ਹਨ ਅਤੇ ਕੁਝ ਦੂਜੇ ਲਾਟਰੀਆਂ ਪਾਉਂਦੇ ਹਨ ਜਾਂ ਨਸ਼ਾ ਕਰਕੇ ਕਾਲਪਨਿਕ ਫਿਲਮੀ ਤਰਜ਼ ਦੀ ਅਯਾਸ਼ੀ ਕਰਦੇ ਹਨ ਜਾਂ ਹੇਰਾ ਫੇਰੀ ਕਰਕੇ ਅਮੀਰ ਬਣਨ ਦੇ ਸੁਪਨੇ ਲੈਂਦੇ ਹਨ। ਜਦੋਂ ਇਹ ਸੁਪਨੇ ਸਾਕਾਰ ਨਹੀਂ ਹੁੰਦੇ ਤਾਂ ਵਿਸ਼ਾਦਗ੍ਰਸਤ ਹੁੰਦੇ ਹਨ। ਫਿਲਮਾਂ ਵਲੋਂ ਪੈਦਾ ਕੀਤਾ ਗਿਆ ਨਵੀਂ ਪੀੜ੍ਹੀ ਦਾ ਇਹ ਸੁਪਨ-ਲੋਕ ਪੁਰਾਣੀ ਪੀੜ੍ਹੀ ਦੇ ਕਾਲਪਨਿਕ ਸਵਰਗ ਤੋਂ ਜ਼ਰਾ ਕੁ ਹੀ ਵੱਖਰਾ ਹੈ। ਸਾਡੇ ਸਿਨਮੇ ਅਤੇ ਧਰਮ ਅਸਥਾਨ ਤੱਤ ਰੂਪ ਵਿਚ ਇਕ ਹੀ ਕੰਮ ਕਰ ਰਹੇ ਹਨ, ਉਹ ਹੈ–ਮਨੁੱਖੀ ਮਨ ਨੂੰ ਜ਼ਿੰਦਗੀ ਦੀਆਂ ਸੱਚਾਈਆਂ ਤੋਂ ਦੂਰ ਕਰਨਾ, ਸੰਘਰਸ਼ ਦੇ ਜਜ਼ਬੇ ਨੂੰ ਖੁੰਢਾ ਕਰਨਾ ਅਤੇ ਕਿਸਮਤ ਵਿਚ ਯਕੀਨ ਨੂੰ ਪੱਕਾ ਕਰਨਾ।

ਫਿਲਮਾਂ ਦੇ ਉਕਸਾਊ ਦ੍ਰਿਸ਼ ਅਤੇ ਡਾਇਲਾਗ ਨੌਜਵਾਨਾਂ ਦੀ ਕੁਦਰਤੀ ਕਾਮ-ਪ੍ਰਵਿਰਤੀ ਵਿਚ ਵਿਗਾੜ ਪੈਦਾ ਕਰਦੇ ਹਨ, ਜਿਸ ਦਾ ਅਗਾਂਹ ਸਿੱਟਾ ਨਿਕਲਿਆ ਹੈ–ਵਧ ਰਹੇ ਬਲਾਤਕਾਰ, ਔਰਤਾਂ ਨਾਲ ਛੇੜਖਾਨੀ ਅਤੇ ਗੁੰਡਾਗਰਦੀ ਵਿਚ ਵਾਧਾ।

ਫਿਲਮੀ ਕਹਾਣੀਆਂ ਵਿਚਲੇ ਗੈਰ-ਕੁਦਰਤੀ ਮੌਕਾ-ਮੇਲਾਂ ਨੇ ਲੋਕਾਂ ਦੇ ਕਿਸਮਤਵਾਦ ਵਿਚ ਵਿਸ਼ਵਾਸ ਨੂੰ ਪੱਕਾ ਕੀਤਾ ਹੈ। ਫਿਲਮਾਂ ਵਿਚ ਆਰਤੀਆਂ ਅਤੇ ਪ੍ਰਾਰਥਨਾਵਾਂ ਨਾਲ ਰੋਗੀ ਠੀਕ ਹੋ ਜਾਂਦੇ ਹਨ ਅਤੇ ਹਜ਼ਾਰਾਂ ਮੀਲ ਦੂਰ ਬੈਠੇ ਨਾਇਕ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੀ ਭੈਣ ਜਾਂ ਪਤਨੀ ਜਾਂ ਪ੍ਰੇਮਕਾ ਕਸ਼ਟ ਵਿਚ ਹੈ ਅਤੇ ਉਹ ਮਿੰਟਾਂ ਵਿਚ ਪਹੁੰਚ ਕੇ ਦਰਜਨਾਂ ਹਥਿਆਰ-ਬੰਦ ਗੁੰਡਿਆਂ ਦੇ ਇਕੱਲਾ ਹੀ ਛੱਕੇ ਛੁਡਾ ਦਿੰਦਾ ਹੈ। ਨਾਇਕਵਾਦ ਦੀ ਬੱਲੇ ਬੱਲੇ!

ਫਿਰ ਫਿਲਮਾਂ ਦੀ ਹੀ ਪੈਦਾਵਾਰ ਲੱਖਾਂ ਦੀ ਗਿਣਤੀ ਵਿਚ ਛਪਣ ਵਾਲੇ ਅਨੇਕਾਂ ਫਿਲਮ ਮੈਗਜ਼ੀਨ ਹਨ। ਲੱਖਾਂ ਨੌਜਵਾਨ ਇਹਨਾਂ ਵਿਚ ਫਿਲਮੀ ਸਿਤਾਰਿਆਂ ਦੇ ਝੂਠੇ-ਸੱਚੇ ਰੁਮਾਂਸ ਦੇ ਕਿੱਸੇ ਪੜ੍ਹਦੇ ਹਨ, ਅਭਿਨੇਤ-ਰੀਆਂ ਅੱਧ-ਨੰਗੀਆਂ ਤਸਵੀਰਾਂ ਦੇਖਦੇ ਹਨ, ਕੋਰੀ ਕਲਪਨਾ ਤੇ ਅਧਾਰਤ ਜਸੂਸੀ ਕਹਾਣੀਆਂ ਅਤੇ ਊਤ-ਪਟਾਂਗ ਸਵਾਲਾਂ ਦੇ ਊਤਪਟਾਂਗ ਜਵਾਬ ਪੜ੍ਹਦੇ ਹਨ। ਇਹ ਮੈਗਜ਼ੀਨ ਅਤੇ ਹੋਰ ਅਸ਼ਲੀਲ ਕਿਤਾਬਾਂ ਅਜਿਹੇ

ਪਾਠਕਾਂ ਦਾ ਵਰਗ ਪੈਦਾ ਕਰਦੇ ਹਨ, ਜਿਨ੍ਹਾਂ ਨੂੰ ਕੋਈ ਵੀ ਸੰਜੀਦਾ ਸਾਹਿਤਕ ਰਚਨਾ ਅਕਾਊ ਲੱਗਦੀ ਹੈ। ਸਾਹਿਤ ਦੀ ਮੰਗ ਅਤੇ ਸਾਹਿਤਕਾਰਾਂ ਦੀ ਕਦਰ ਵਧ ਕਿਵੇਂ ਸਕਦੀ ਹੈ ?

ਉਪ੍ਰੋਕਤ ਸਾਰੀ ਚਰਚਾ ਤੋਂ ਸਿੱਟਾ ਇਹ ਨਿਕਲਦਾ ਹੈ ਕਿ ਅੱਜ ਤੱਕ ਸਿਨਮੇ ਦੇ ਮਾਧਿਅਮ ਨੂੰ ਪਿਛਾਂਹਖਿੱਚੂ ਤਾਕਤਾਂ ਵਲੋਂ ਪੂਰੀ ਸਫਲਤਾ ਨਾਲ ਵਰਤਿਆ ਗਿਆ ਹੈ। ਜੇ ਅਗਾਂਹਵੱਧੂ ਸ਼ਕਤੀਆਂ ਸਿਨਮੇ ਦੇ ਮਾਧਿਅਮ ਨੂੰ ਨਹੀਂ ਵਰਤ ਸਕੀਆਂ ਤਾਂ ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਸਾਡੀਆਂ ਖੱਬੇ ਪੱਖੀ ਪਾਰਟੀਆਂ ਨੇ ਸਮਾਜਕ ਤਬਦੀਲੀ ਵਿਚ ਸਭਿਆਚਾਰਕ ਮੁਹਾਜ ਦੀ ਭੂਮਿਕਾ ਨੂੰ ਅਜੇ ਤਕ ਨਹੀਂ ਪਛਾਣਿਆ, ਪਰ ਹਾਲਾਤ ਦਾ ਇਕ ਆਸ਼ਾਜਨਕ ਪਹਿਲੂ ਵੀ ਹੈ। ਪਿਛਲੇ ਸਾਲਾਂ ਵਿਚ ਕੁੱਝ ਨਵੇਂ ਨਿਰਦੇਸ਼ਕਾਂ ਵਲੋਂ ਕਾਫੀ ਅਜਿਹੀਆਂ ਫਿਲਮਾਂ ਬਣਾਈਆਂ ਗਈਆਂ ਹਨ, ਜੋ ਦਰਸ਼ਕਾਂ ਦੇ ਸੁਹਜ ਸਵਾਦ ਨੂੰ ਅਗੇ ਲਿਜਾਦੀਆਂ ਹਨ ਅਤੇ ਉਸ ਨੂੰ ਜ਼ਿੰਦਗੀ ਦੇ ਤਲਖ ਯਥਾਰਥ ਸਾਹਵੇਂ ਖੜਾ ਕਰਦੀਆਂ ਹਨ। ਇਹਨਾਂ ਵਿਚੋਂ 'ਯੇਹ ਦੇਸ਼' ਅਤੇ 'ਆਜ ਕਾ ਐਮ.ਐਲ.ਏ.' ਫਿਲਮਾਂ ਸਾਡੇ ਦੇਸ਼ ਦੀ ਭਾਰੂ ਸਿਆਸਤ ਦੇ ਅੰਦਰਲੇ ਕੋਹਜ ਦੇ ਪਰਦੇ ਉਤਾਰਦੀਆਂ ਹਨ। 'ਗੁਲਾਮੀ', 'ਦਾਮੁਲ', 'ਕਾਲਕਾ', 'ਅੰਕੁਰ' ਆਦਿ ਫਿਲਮਾਂ ਇਸ ਸਚਾਈ ਨੂੰ ਰੂਪਮਾਨ ਕਰਦੀਆਂ ਹਨ ਕਿ ਜੋ ਜ਼ਿੰਦਗੀ ਆਮ ਆਦਮੀ ਜੀਅ ਰਿਹਾ ਹੈ, ਉਹ ਜਿਉਣ ਦੇ ਕਾਬਲ ਨਹੀਂ। ਸ਼ਤਰੂਘਨ ਸਿਨਹਾ ਦੀ 'ਕਾਲਕਾ' ਕੋਇਲਾ-ਖਾਣਾ ਦੇ ਮਜ਼ਦੂਰਾਂ ਦੀ ਨਰਕੀ ਜ਼ਿੰਦਗੀ ਅਤੇ ਉਨ੍ਹਾਂ ਦੇ ਸੰਘਰਸ਼ਾਂ ਦਾ ਜਾਨਦਾਰ ਚਿੱਤਰ ਹੈ। ਬਾਕੀ ਚਾਰੇ ਫਿਲਮਾਂ ਜਗੀਰੂ ਅਨਸਰਾਂ ਦੀ ਦਹਿਸ਼ਤ ਦੇ ਸਾਏ ਹੇਠ ਦਿਨ ਕਟੀ ਕਰ ਰਹੇ ਪੇਂਡੂ ਗਰੀਬਾਂ ਦੀ ਦੁਰਦਸ਼ਾ ਦੀ ਖੂਬਸੂਰਤ ਪੇਸ਼ਕਾਰੀ ਹਨ। ਇਹਨਾਂ ਵਿਚੋਂ 'ਗੁਲਾਮੀ' ਤਾਂ ਇਸ ਦਹਿਸ਼ਤ ਦੇ ਖਾਤਮੇ ਲਈ ਠੋਸ ਸੁਝਾਅ ਵੀ ਪੇਸ਼ ਕਰਦੀ ਹੈ।

ਫਿਲਮ 'ਚੱਕਰ' ਮਹਾਂਨਗਰਾਂ ਦੀਆਂ ਗੰਦੀਆਂ ਬਸਤੀਆਂ ਵਿਚ ਰਹਿਣ ਵਾਲੇ ਕੰਗਾਲਾਂ ਦੇ ਜੀਵਨ ਦੀ ਦਿਲ-ਦੁੱਬਣੀ ਪੇਸ਼ਕਾਰੀ ਹੈ। 'ਚੱਕਰ' ਦਾ ਮੁਕਾਬਲਾ ਪੁਰਾਣੀ 'ਮਦਰ ਇੰਡੀਆ' ਨਾਲ ਕੀਤਾ ਜਾ ਸਕਦਾ ਹੈ। ਜੋ ਕਿ ਪੇਂਡੂ ਗਰੀਬਾਂ ਉਪਰ ਸ਼ਾਹੂਕਾਰਾਂ ਦੀ ਜਕੜ ਦੀ ਜਿਉਂਦੀ ਜਾਗਦੀ ਤਸਵੀਰ ਸੀ। 'ਨਮਕ ਹਰਾਮ' ਅਤੇ 'ਸਮਾਜ ਕੋ ਬਦਲ ਡਾਲੋ' ਵੀ ਇਸੇ ਸ਼ਰੇਣੀ ਦੀਆਂ ਫਿਲਮਾਂ ਸਨ, ਜਿਨ੍ਹਾਂ ਵਿਚ ਪੂੰਜੀਪਤੀ ਵਰਗ ਦੀ ਲੁੱਟ ਖਸੁੱਟ ਅਤੇ ਕਮੀਨਗੀ ਨੂੰ ਪੇਸ਼ ਕੀਤਾ ਗਿਆ ਸੀ। ਟੀ.ਵੀ. ਫਿਲਮ 'ਸਦਗਤੀ', 'ਅਲਬਰਟ ਪਿੰਟੋ ਕੋ ਗੁੱਸਾ ਕਿਉਂ ਆਤਾ ਹੈ' ਅਤੇ ਦੇਸ਼ ਦੀ ਵੰਡ ਦੇ ਵਿਸ਼ੇ ਵਾਲੀ ਪੁਰਾਣੀ ਫਿਲਮ 'ਗਰਮ ਹਵੋ', ਕੋਇਲਾ ਮਜ਼ਦੂਰਾਂ ਬਾਰੇ ਫਿਲਮ 'ਕਾਲਾ ਪੱਥਰ' ਆਦਿ ਵੀ ਖੂਬਸੂਰਤ ਫਿਲਮਾਂ ਹਨ।

ਪਿਛਲੇ ਸਾਲਾਂ ਵਿਚ ਕੁਝ ਵਪਾਰਕ ਫਿਲਮਾਂ ਵੀ ਬਣੀਆਂ ਹਨ ਜੋ ਦੇਸ਼ ਦੇ ਕਾਨੂੰਨਾਂ, ਅਦਾਲਤਾਂ ਅਤੇ ਪੁਲਸ ਭਾਵ ਇਨਸਾਫ ਦੇ ਸਮੁੱਚੇ ਪ੍ਰਬੰਧ ਦੇ ਖੋਖਲੇਪਨ ਨੂੰ ਨਸ਼ਰ ਕਰਦੀਆਂ ਹਨ। ਇਹ ਹਨ—'ਅੰਧਾ ਕਾਨੂੰਨ' 'ਆਜ ਕੀ ਆਵਾਜ਼' 'ਮੇਰੀ ਆਵਾਜ਼ ਸੁਨੋ' 'ਇਨਸਾਫ ਕਾ ਤਰਾਜੂ', 'ਬੇਆਬਰੂ' ਆਰਟ ਫਿਲਮ 'ਅਰਧ ਸੱਤਿਆ' ਇਕ ਇਮਾਨਦਾਰ ਅਤੇ ਦ੍ਰਿੜ ਪੁਲਸ ਇੰਸਪੈਕਟਰ ਦੀਆਂ ਸੀਮਾਵਾਂ, ਅਤੇ ਮਜਬੂਰੀਆਂ ਅਤੇ ਅੰਤਰ-ਦਵੰਦ ਦੀ ਖੂਬਸੂਰਤ ਕਹਾਣੀ ਹੈ।

'ਪਾਰਟੀ', 'ਨਿਕਾਹ', 'ਭੀਗੀ ਪਲਕੇਂ', 'ਕੋਰਾ ਕਾਗਜ਼', 'ਅਵਤਾਰ', 'ਅਰਥ' ਆਦਿ ਫਿਲਮਾਂ ਵਿਚ ਸ਼ਹਿਰੀ ਮੱਧ ਵਰਗ ਦੀ ਘੁਟਨ, ਰਿਸ਼ਤਿਆਂ ਦੀ ਟੁੱਟ ਭੱਜ, ਨੀਰਸਤਾ ਅਤੇ ਬੇਰਸੀ ਦੀ ਯਥਾਰਥਕ ਪੇਸ਼ਕਾਰੀ ਹੈ। 'ਬਾਜ਼ਾਰ' 'ਕਮਲਾ', 'ਮੰਡੀ', 'ਸ਼ਮਾ', ਅੱਜ ਦੇ ਮਰਦ-ਪ੍ਰਧਾਨ ਸਮਾਜ ਵਿਚ ਔਰਤ ਦੀ ਦੁਰਦਸ਼ਾ ਨੂੰ ਪੇਸ਼ ਕਰਦੀਆਂ ਹਨ। ਇਹਨਾਂ ਤੋਂ ਬਿਨਾਂ ਵਪਾਰਕ ਫਿਲਮਾਂ 'ਪਾਕੀਜ਼ਾ' ਅਤੇ 'ਉਮਰਾਓਜਾਨ' ਤਵਾਇਫਾਂ ਦੀ ਜ਼ਿੰਦਗੀ ਦੇ ਦਰਦ, ਇਕੱਲ, ਉਦਾਸੀ ਅਤੇ ਅਰਥਹੀਣਤਾ ਨੂੰ ਯਥਾਰਥਕ ਰੂਪ ਵਿਚ ਪੇਸ਼ ਕਰਦੀਆਂ ਹਨ। 'ਸਾਰਾਂਸ਼' ਅਤੇ 'ਆਧਾਰ-ਸ਼ਿਲਾ' ਜ਼ਿੰਦਗੀ ਵਿਚ ਸੰਘਰਸ਼ ਦੀ ਭੂਮਿਕਾ ਨੂੰ ਉਜਾਗਰ ਕਰਦੀਆਂ ਹਨ। 'ਸ਼ਤਰੰਜ ਕੇ ਖਿਲਾੜੀ' ਅਤੇ 'ਮੁਗਲੇ ਆਜ਼ਮ ਪੁਰਾਣੇ ਰਾਜਿਆਂ ਮਹਾਰਾਜਿਆਂ ਦੀ ਫੋਕੀ ਸ਼ਾਨ ਸ਼ੌਕਤ ਦੇ ਪਾਜ ਉਧੇੜਦੀਆਂ ਹਨ।

ਪੁਰਾਣੀਆਂ ਫਿਲਮਾਂ 'ਰੋਟੀ' 'ਫੂਲ ਔਰ ਪੱਥਰ', 'ਗੰਗਾ ਜਮਨਾ', 'ਮਦਰ ਇੰਡੀਆ', 'ਆਗ' ਆਦਿ ਵਿਚ ਇਸ ਤੱਥ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਸੀ ਕਿ ਡਾਕੂ ਅਤੇ ਚੋਰ ਜਨਮ ਤੋਂ ਹੀ ਮੁਜਰਮ ਨਹੀਂ ਹੁੰਦੇ। ਘੋਰ ਗਰੀਬੀ ਅਤੇ ਧਨੀ ਲੋਕਾਂ ਦੀਆਂ ਵਧੀਕੀਆਂ ਮਾਸੂਮ ਅਤੇ ਇਮਾਨਦਾਰ ਨੌਜਵਾਨਾਂ ਨੂੰ ਹੀ ਡਾਕੂ ਅਤੇ ਚੋਰ ਬਣਾ ਦਿੰਦੀਆਂ ਹਨ। ਮੁਜਰਮ ਬਣ ਜਾਣ ਤੇ ਵੀ ਉਨ੍ਹਾਂ ਦੇ ਧੁਰ ਅੰਦਰ ਅਮਨ ਚੈਨ ਵਾਲੀ ਜ਼ਿੰਦਗੀ ਜਿਉਣ ਦੀ ਇੱਛਾ ਮਘਦੀ ਰਹਿੰਦੀ ਹੈ, ਪਰ ਜਦੋਂ ਵੀ ਉਹ ਪਿਛੇ ਪਰਤਣਾ ਚਾਹੁੰਦੇ ਹਨ ਤਾਂ ਰਸਤੇ ਵਿਚ ਕੰਡੇ ਹੀ ਕੰਡੇ ਦੇਖਦੇ ਹਨ।

ਗੁਲਜ਼ਾਰ ਦੀਆਂ ਫਿਲਮਾਂ 'ਮੌਸਮ', 'ਪਲਕੋਂ ਕੀ ਛਾਂਵ ਮੇਂ' ਤੇ 'ਮਾਸੂਮ' ਅਤੇ 'ਖਾਮੋਸ਼ੀ', 'ਸਪਨੋ ਕਾ ਸੌਦਾਗਰ' ਆਦਿ ਕੁਝ ਹੋਰ ਫਿਲਮਾਂ ਹਨ, ਜੋ ਸ਼ਿਹਤਮੰਦ ਮਨੋਰੰਜਨ

Regd. with Registrar, News Papers, Vide No. MA/12397-D dated 18.4.80
Post Office No. P/AR—133

ਪ੍ਰਦਾਨ ਕਰਦੀਆਂ ਹਨ। ਉਪ੍ਰੋਕਤ ਫਿਲਮਾਂ ਤੋਂ ਬਿਨਾਂ 'ਜਾਨੇ ਭੀ ਦੋ ਯਾਰੋ', 'ਮੰਥਨ' 'ਆਖਿਰ ਕਿਉਂ', 'ਪੇਟ ਪ੍ਰਿਆਰ ਔਰ ਪਾਪ', 'ਅਨਕਹੀ', 'ਸਪਰਸ਼' ਭੂਮਿਕਾ' ਤੇ ਪੁਰਾਣੀਆਂ ਫਿਲਮਾਂ 'ਦੋ ਬੀਘਾ ਜ਼ਮੀਨ', 'ਸਗੀਨਾ', 'ਕਾਬੁਲੀਵਾਲਾ' ਆਦਿ ਹੋਰ ਚਰਚਿਤ ਫਿਲਮਾਂ ਹਨ ਜਿੰਨ੍ਹਾਂ ਨੂੰ ਦੇਖਣ ਦਾ ਮੌਕਾ ਇਸ ਲੇਖਕ ਨੂੰ ਨਹੀਂ ਮਿਲਿਆ।

ਪਿਛਲੇ ਸਾਲਾਂ ਵਿਚ ਪੰਜਾਬ ਦੇ ਸਭਿਆਚਾਰਕ ਹਲਕਿਆਂ ਵਿਚ ਇਹ ਚਰਚਾ ਛਿੜੀ ਹੈ ਕਿ ਅਗਾਂਹਵਧੂ ਸਭਿਆਚਾਰਕ ਸੰਸਥਾਵਾਂ ਨੂੰ ਆਪ ਸਿਹਤਮੰਦ ਫਿਲਮਾਂ ਦਾ ਨਿਰਮਾਣ ਕਰਨਾ ਚਾਹੀਦਾ ਹੈ। ਸ. ਗੁਰਸ਼ਰਨ ਸਿੰਘ ਦੀ ਪਹਿਲਕਦਮੀ ਤੇ ਫਿਲਮ ਸੋਸਾਇਟੀ ਦਾ ਵੀ ਨਿਰਮਾਣ ਹੋਇਆ ਹੈ। ਇਹ ਇਕ ਸ਼ੁਭ ਸ਼ਗਨ ਹੈ, ਉਸਾਰੂ ਸਭਿਆਚਾਰ ਵਿਚ ਦਿਲਚਸਪੀ ਰੱਖਣ ਵਾਲੇ ਹਰ ਬੰਦੇ ਲਈ ਬਹੁਤ ਖੁਸ਼ੀ ਦੀ ਗੱਲ ਹੈ। ਪਰ ਇਸ ਨਾਲ ਸਭਿਆਚਾਰ ਦੇ ਸ਼ੁਭਚਿੰਤਕ (ਜੋ ਆਪ ਸਭਿਆਚਾਰਕ ਕਾਮੇ ਨਹੀਂ) ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਜਾਂਦੇ। ਜਿਵੇਂ ਉਹ ਲੋਕ ਪੱਖੀ ਨਾਟਕਾਂ ਦੇ ਸ਼ੋਅ ਆਰਗੇਨਾਈਜ਼ ਕਰਕੇ ਆਪਣਾ ਹਿੱਸਾ ਪਾਉਂਦੇ ਰਹੇ ਹਨ, ਹੁਣ ਉਹ ਸਿਹਤਮੰਦ ਫਿਲਮਾਂ ਨੂੰ ਉਤਸਾਹਿਤ ਕਰਕੇ ਸਭਿਆਚਾਰ ਦੀ ਲਹਿਰ ਨੂੰ ਅੱਗੇ ਵਧਾਉਣ ਵਿਚ ਯੋਗਦਾਨ ਦੇ ਸਕਦੇ ਹਨ। ਠੀਕ ਹੈ ਕਿ ਬਹੁਤੀਆਂ ਹਾਂ-ਪੱਖੀ ਫਿਲਮਾਂ ਨਹੀਂ ਬਣ ਰਹੀਆਂ ਪਰ ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਜੋ ਚੰਗੀਆਂ ਫਿਲਮਾਂ ਬਣਦੀਆਂ ਵੀ ਹਨ, ਉਨ੍ਹਾਂ ਨੂੰ ਦਰਸ਼ਕਾਂ ਵਲੋਂ ਕੋਈ ਹੁੰਗਾਰਾ ਨਹੀਂ ਮਿਲਦਾ। ਸੋ ਮਸਲਾ ਸਿਰਫ ਵਧੀਆ ਫਿਲਮਾਂ ਬਣਾਉਣ ਦਾ ਨਹੀਂ, ਸਗੋਂ ਇਨ੍ਹਾਂ ਸੰਜੀਦਾ ਫਿਲਮਾਂ ਲਈ ਲੋੜੀਂਦਾ ਦਰਸ਼ਕ ਵਰਗ ਪੈਦਾ ਕਰਨ ਦਾ ਵੀ ਹੈ। ਇਹ ਕੰਮ ਫਿਲਮ ਦੇ ਬਣਨ ਤੋਂ ਪਹਿਲਾਂ ਸ਼ੁਰੂ ਹੋਣਾ ਚਾਹੀਦਾ ਹੈ। ਅੱਜ ਕੱਲ ਹਰ ਸ਼ਹਿਰ ਅਤੇ ਕਸਬੇ ਵਿਚ ਵੀ.ਸੀ.ਆਰ. ਕਿਰਾਏ ਤੇ ਲੈਣ ਲਈ ਉਪਲੱਬਧ ਹਨ। ਕਸਬਿਆਂ, ਪਿੰਡਾਂ ਅਤੇ ਸ਼ਹਿਰਾਂ ਦੇ ਮੁਹੱਲਿਆਂ ਵਿਚ ਫਿਲਮ ਕਲੱਬ ਬਣਾਏ ਜਾਣ ਜੋ ਹਰ ਮਹੀਨੇ ਇਕ ਜਾਂ ਦੋ ਸ਼ੋਅ ਸੰਜੀਦਾ ਫਿਲਮਾਂ ਦੇ ਲਗਾਉਣ। ਨਾਲ ਹੀ ਅਸੀਂ ਆਪਣੇ ਹਰ ਵਾਕਫ ਨੂੰ ਪ੍ਰੇਰਤ ਕਰੀਏ ਕਿ ਉਹ ਵਿਆਹ, ਜਨਮ-ਦਿਨ ਆਦਿ ਦੇ ਮੌਕਿਆਂ ਤੇ ਲਾਊਡ ਸਪੀਕਰ ਲਗਾਉਣ ਦੀ ਥਾਂ ਸਿਹਤਮੰਦ ਮਨੋਰੰਜਨ ਪ੍ਰਦਾਨ ਕਰਨ ਵਾਲੀਆਂ ਫਿਲਮਾਂ ਦੇ ਵੀਡੀਓ ਸ਼ੋਅ ਲਗਾਉਣ। ਛੋਟੇ ਸਿਨਮੇ ਜਾਂ ਆਡੀਟੋਰੀਅਮ ਕਿਰਾਏ ਤੇ ਲੈ ਕੇ ਇਲਾਕਾ ਪੱਧਰ ਦੇ ਫਿਲਮ ਮੇਲੇ ਵੀ ਲਗਾਏ ਜਾ ਸਕਦੇ ਹਨ।

ਉਪ੍ਰੋਕਤ ਫਿਲਮਾਂ ਨੂੰ ਵਰਤਣ ਤੋਂ ਬਿਨਾਂ ਬੰਗਲਾ ਅਤੇ ਹੋਰ ਬੋਲੀਆਂ ਦੀਆਂ ਉਸਾਰੂ ਫਿਲਮਾਂ ਨੂੰ ਪੰਜਾਬੀ ਵਿਚ ਡੱਬ ਕੀਤਾ ਜਾ ਸਕਦਾ ਹੈ। ਇਹ ਸਾਰੇ ਕਦਮ ਸੰਜੀਦਾ ਫਿਲਮਾਂ ਲਈ ਨਵੇਂ ਦਰਸ਼ਕ ਵੀ ਪੈਦਾ ਕਰਨਗੇ, ਦਰਸ਼ਕਾਂ ਦਾ ਸੁਹਜ ਸਵਾਦ ਉਚਾ ਚੁੱਕਣਗੇ, ਨਵੇਂ ਨਿਰਦੇਸ਼ਕਾਂ ਨੂੰ ਉਤਸ਼ਾਹਤ ਕਰਨਗੇ ਅਤੇ ਇਸ ਤਰ੍ਹਾਂ ਲੋਕ ਸਭਿਆਚਾਰਦੀ ਲਹਿਰ ਵਿਚ ਫਿਲਮ ਦੇ ਮਾਧਿਅਮ ਦੀ ਵੱਡੇ ਪੈਮਾਨੇ ਤੇ ਵਰਤੋਂ ਦੇ ਰਾਹ ਖੋਹਲ ਦੇਣਗੇ।

o

## ਜਬਰ ਵਿਰੋਧੀ ਕਨਵੈਨਸ਼ਨ

— ਆਂਧਰਾਂ ਪ੍ਰਦੇਸ਼ ਵਿਚ ਐਨ.ਟੀ. ਰਾਮਾਰਾਓ ਦੀ ਹਿਟਲਰੀ ਸਰਕਾਰ ਵਲੋਂ ਕਮਿਊਨਿਸਟ ਇਨਕਲਾਬੀਆਂ (ਨਕਸਲਬਾੜੀਆਂ) ਤੇ ਜਮਹੂਰੀ ਲੋਕਾਂ ਉਤੇ ਕੀਤੇ ਜਾ ਰਹੇ ਜਬਰ ਦੇ ਖਿਲਾਫ ;

— ਬਿਹਾਰ ਵਿਚ ਲੈਂਡਲਾਰਡਾਂ ਅਤੇ ਹਕੂਮਤੀ ਮਸ਼ਨਰੀ ਵਲੋਂ ਆਦਿਵਾਸੀਆਂ, ਖੇਤ ਮਜ਼ਦੂਰਾਂ 'ਤੇ ਕੀਤੇ ਜਾ ਰਹੇ ਜਬਰ ਦਾ ਵਿਰੋਧ ਕਰਨ ;

— ਅੱਤਵਾਦੀਆਂ ਨੂੰ ਕੁਚਲਣ ਦੇ ਨਾਂ ਹੇਠ ਪੰਜਾਬ ਵਿਚ ਅੱਧੀ ਦਰਜਨ ਕਾਲੇ ਕਾਨੂੰਨ ਮੜ੍ਹ ਕੇ ਖੁਲ੍ਹੀ ਜੇਲ੍ਹ 'ਚ ਤਬਦੀਲ ਕਰ ਦੇਣ ਦੇ ਵਿਰੋਧ 'ਚ

— ਅਤੇ ਦੇਸ਼ ਦੇ ਹੋਰਾਂ ਹਿੱਸਿਆਂ ਵਿਚ ਹੋ ਰਹੇ ਜਬਰ ਖਿਲਾਫ ਆਵਾਜ਼ ਉਠਾਉਣ ਲਈ

### 16 ਮਾਰਚ 1986 ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇਕ ਵਿਸ਼ਾਲ ਜਬਰ ਵਿਰੋਧੀ ਕਨਵੈਨਸ਼ਨ ਵਿਚ ਸ਼ਾਮਿਲ ਹੋਵੋ

— ਦੇਸ਼ ਭਰ ਦੇ ਜਮਹੂਰੀ ਤੇ ਇਨਕਲਾਬੀ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਸ਼ਾਮਲ ਹੋਣ ਦਾ ਵਿਸ਼ੇਸ਼ ਸੱਦਾ

— ਕਨਵੈਨਸ਼ਨ ਦੀ ਤਿਆਰੀ ਲਈ ਫੰਡ ਤੇ ਪ੍ਰਚਾਰ ਮੁਹਿੰਮ ਵਿੱਢ ਦਿਉ।

ਨੋਟ :—ਪੰਜਾਬ ਦੇ ਸਾਰੇ ਇਨਕਲਾਬੀ ਤੇ ਜਮਹੂਰੀ ਲੋਕਾਂ ਨੂੰ ਵਿਸ਼ੇਸ਼ ਅਪੀਲ ਹੈ ਕਿ ਉਹ ਇਸ ਕਨਵੈਨਸ਼ਨ 'ਚ ਸ਼ਾਮਲ ਹੋਣ।

**— ਜੈਕਾਰਾ ਕਮਿਊਨਿਸਟ ਬਰਗੇਡ**